Kindly do not write of more than one subject in any one letter.

In your reply refer to No. ____________

# Immigration Branch

Department of the Interior

Canada

128

Vancouver, B. C., January 26th 1914

MRJR/EC.

H. H. Stevens, Esq., M. P.

House of Commons,

OTTAWA, ONT.

Dear Mr. Stevens:-

I enclose herewith copy of the last issue of the SANSAR, published in Victoria. It might interest you to know that Mr. Greenfield, Post Office Inspector, was requested to see me in connection with this publication, and it is quite on the boards that it will be no longer permitted to go through the mails.

You will note the polite terms in which it speaks of yourself.

Yours very truly,

Malcolm R J Reid

Dominion Immigration Agent.

Enclo.

ਸਚ ਸਭਨਾਂ ਹੋਇ ਦਾਰੂ ਪਾਪ ਕਢੈ ਧੋਇ

ਸੰਸਾਰ
ਕੈਨੇਡਾ ਯੂਨਾਇਟਡ ਸਟੇਟਸ
ਅਰਜਨਟੀਨ ਪੈਨਾਮਾਂ ਫਿਜੀ
ਤੇ ਚੀਨ ਆਦਕ ਕੁਲ ਟਾਪੂ
ਆਂ ਦੇ ਹਿੰਦੋਸਤਾਨੀਆਂ ਦਾ
ਇਕੱਲਾ ਕੌਮੀ ਅਖਬਾਰ ਹਰ
ਮਹੀਨੇ ਦੀ ੫ ਤੇ ੨੦ ਤੀਕ
ਨੂੰ ਪ੍ਰਕਾਸ਼ਤ ਹੁੰਦਾ ਹੈ ॥

੧ੴ ਸਤਿ ਗੁਰ ਪ੍ਰਸਾਦ

# THE SANSAR

THE HINDUSTANI PAPER OF CANADA
630 SPEED, AVENUE VICTORIA, B. C. CANADA.

ਸੰਸਾਰ
ਦੀ ਮਦਦ ਲਈ ਹਰ ਜਗਾ
ਉਦਮ ਕਰੋ ਚੰਦੇ ਭੇਜੋ ਸਹਾਇ
ਤਾ ਘਲੋ ਹੋਰ ਭਰਾਵਾਂ ਨੂੰ ਇ
ਸਦੇ ਸਹਾਇਕ ਬਣਾਓ ਆਪ
ਨੇ ਭਰਾਵਾਂ ਦੀਆਂ ਹਰ ਟਾਪੂ
ਤੋਂ ਖਬਰਾਂ ਘਲੋ ॥

ਅਖਬਾਰ ਸੰਸਾਰ

੬੩੦ ਸਪੀਡ ਐਵਨੀਊ ਵਿਕਟੋਰੀਆ ਬੀ ਸੀ ਕੈਨੇਡਾ

ਜਿਲਦ ਦੂਜੀ | ਜਨਵਰੀ ੫ ਸੰਮਤ ੧੯੧੪ ਈ | ਨੰਬਰ ਸਤਵਾਂ

VOL. 2 | JANUARY 5 1914 | NO. 7

## ਭਰਤੀ ਖੁਲ ਗਈ ਹੈ

ਅਜੇ ਤੀਹ ਬਰਸ ਹੁਏ ਹਨ ਤਾਂ ਜਾਪਾਨੀ
ਜਥੇ ਬੰਦੀ ਦਾ ਨਾਮ ਤਕ ਨਹੀਂ ਜਾਣਦੇ ਸਨ
ਪਰ ਅਜ ਸਭ ਕੌਮਾਂ ਜਥੇ ਬੰਦੀ ਵਿਚ ਜਾਪਾਨ
ਤੋਂ ਪਿਛਾਹਾਂ ਹਨ ਤੇ ਜਾਪਾਨੀ ਤਰਕੀ ਵਿਚ ਸ
ਭ ਤੋਂ ਆਗਾਹਾਂ ਹਨ ਇਸ ਦਾ ਕਾਰਨ ਇਹ
ਹੈ ਕਿ ਜਦ ਥੋੜੇ ਜਾਪਾਨੀਆਂ ਨੇ ਵਧ ਰਹੀ
ਦੁਨੀਆਂ ਨੂੰ ਦੇਖ ਲਿਆ ਤਾਂ ਉਨਾਂ ਨੇ ਸੁਸਾਇ
ਟੀਆਂ ਤੇ ਜਥੇ ਬੰਦੀਆਂ ਛੁਰੂ ਕਰ ਦਿਤੀਆਂ
ਇਸੇ ਤਰਾਂ ਉਨਾਂ ਨੂੰ ਮਿਲ ਮਿਲਕੇ ਕਠੀ ਤਾ
ਕਤ ਦੀ ਜਾਚ ਔਂਦੀ ਗਈ। ਭਲਾ ਸਾਨੂੰ ਅਨ
ਜਾਣਾਂ ਨੂੰ ਫੇਰ ਐਵੇਂ ਆਮੁਹਾਰੇ ਫਿਰਨ ਨਾਲ
ਹੀ ਕਿਸ ਤਰਾਂ ਜਥੇ ਬੰਦੀ ਦੀ ਸੂਝ ਆ ਸਕਦੀ
ਹੈ ਇਸੇ ਜਾਚ ਨੂੰ ਸਿਖਣ ਲਈ ਤੇ ਅਪਣੀ ਸਾਂ
ਝੀ ਤਾਕਤ ਨੂੰ ਪਕੀ ਤਰਾਂ ਬਣੌਣ ਲਈ ਹੀ
ਤਾਂ ਬੜੇ ਸੋਹਣੇ ਕਾਨੂਨ ਤੇ ਕਾਇਦੇ ਬਣਾਕੇ
ਯੂਨਾਈਟਿਡ ਇੰਡੀਆਂ ਐਸੋਸੀਏਛਨ ਸੁਸਾਇ
ਟੀ ਰਜਿਸਟਰੀ ਕਰਾਈ ਹੈ ਇਸ ਦੀ ਭਰਤੀ
ਖੁਲ ਗਈ ਹੈ ਆਪ ਭੀ ਇਸ ਦੇ ਮੈਂਬਰ ਬਣੋ
ਤੇ ਰੰਗਰੂਟ ਭਰਤੀ ਹੋਕੇ ਸਭ ਤਰੀਕੇ ਜੁਗਤਾਂ
ਸਿਖੋ। ਸੰਸਾਰ ਭੀ ਇਸ ਸੁਸਾਇਟੀ ਦਾ ਹੀ
ਅਖਬਾਰ ਹੈ ਸੁਸਾਇਟੀ ਦੇ ਸੇਵਕ ਤੇ ਮੈਂਬਰ
ਹੋਰ ਬੜੀਆਂ ੨ ਜਰੂਰੀ ਸੇਵਾ ਚੁਕਣ ਨੂੰ ਤਿ
ਆਰ ਬੈਠੇ ਹਨ ਆਪ ਭੀ ਇਸ ਜਥੇ ਦੀ ਭਰਤੀ
ਵਿਚ ਰੰਗਰੂਟ ਬਣਕੇ ਸੇਵਾ ਦੇ ਮਰਾਤਬੇ ਪਾ
ਵੋ। ਜੁਗਤ ਤਰੀਕੇ ਤੇ ਏਕਤਾ ਨਾਲ ਆਪ
ਸੁਖ ਲਵੋ ਸਾਥੀਆਂ ਨੂੰ ਦਿਓ ਤੇ ਜਿਥੋਂ ਤਕ ਹੋ
ਸਕੇ ਕੌਮੀ ਸੇਵਾ ਉਠਾਓ। ਆਮੁਹਾਰੇ ਫਿਰਿ
ਆਂ ਨਾਂ ਤੁਸੀਂ ਅਪਣਾ ਕੌਮ ਦਾ ਤੇ ਨਾਂ ਮੁਲਕ
ਦਾ ਹੀ ਕੁਛ ਸੁਆਰ ਸਕਦੇ ਹੋ ਇਹ ਜਥੇ ਬੰ
ਦੀ ਤੇ ਸੇਵਾ ਦੀ ਭਰਤੀ ਖੁਲੀ ਹੈ ਕੁਲ ਕਾਇ
ਦੇ ਤੇ ਕਾਨੂਨ ਵਚਾਰਕੇ ਅਜ ਹੀ ਮੈਂਬਰ ਭਰ
ਤੀ ਹੋਜਾਵੋ।

FOR ENGLISH PLEASE SEE
PAGE TWO.

## ਗੁਰਦੁਆਰਾ ਸਟਾਕਟਨ ਕੈਲੀਫੋਰਨੀਆ



ਉਪਰਲੀ ਤਸਵੀਰ ਸਟਾਕਟਨ ਕਲੀ
ਫੋਰਨੀਆ ਦੇ ਗਰਦੁਆਰੇ ਦੀ ਹੈ ਜੋ ਕਿ ਸਾ
ਰੇ ਕੈਲੀਫੋਰਨੀਆਂ ਨਵਾਸੀ ਭਰਾਂਵਾਂ ਦੇ ਪ੍ਰੇਮ
ਸੇਵਾ ਤੇ ਮਿਹਨਤ ਦਾ ਫਲ ਹੈ ਗੁਰਦੁਰਆਰੇ
ਦੇ ਅਗੇ ਸੰਗਤ ਜੁੜੀ ਹੁਈ ਹੈ ਅਮਰੀਕਾ ਵਿ
ਚ ਇਹੋ ਜਿਹੇ ਕਈ ਸਿਖ ਅਸਥਾਨ ਕਾਇਮ
ਹੋਚੁਕੇ ਹਨ ਪਰ ਅਜ ਤਕ ਇਕ ਭੀ ਸਿਖ
ਵਿਦਵਾਨ ਪ੍ਰਚਾਰਕ ਹਿੰਦੁਸਤਾਨ ਤੋਂ ਅਮ
ਰੀਕਾ ਵਿਚ ਨਹੀਂ ਪੁਜਾ ਇਹ ਗਲ ਪ੍ਰਗਟ
ਕਰਦੀ ਹੈ ਕਿ ਕੁਲ ਦੁਨੀਆਂ ਦਾ ਚਕਰ ਲੌ
ਣ ਵਾਲੇ ਸਤਿਗੁਰੂ ਨਾਨਕ ਨੂੰ ਮਨਣ ਵਾਲਿ
ਆਂ ਵਿਚ ਭੀ ਪ੍ਰਚਾਰਕ ਤੇ ਧਾਰਮਕ ਬਲ
ਕਿਤਨਾ ਕਮਜੋਰ ਹੋਗਿਆ ਹੈ ਕਿ ਅਪਣੇ ਅ
ਸਥਾਨ ਕਾਇਮ ਹੋਇਆਂ ਤੋਂ ਭੀ ਅਮਰੀਕਾ
ਨਹੀਂ ਪੁਜ ਸਕਦੇ ॥ ਕਿਥੇ ਸ੍ਰੀ ਮਾਨ ਸੁਆਮੀ
ਵਬੇਕਾਨੰਦ ਜੀ ਤੇ ਸ੍ਰੀ ਸਵਾਮੀ ਰਾਮ ਤੀਰਥ
ਜੀ ਵਰਗੇ ਧਰਮ ਅਵਤਾਰੀ ਸਨ ਜਿਨਾਂ ਨੇ
ਅਮਰੀਕਾ ਵਿਚ ਘਰ ੨ ਹਿੰਦੋਸਤਾਨ ਦੇ ਧਰ
ਮ ਤੇ ਵਡਿਆਈ ਦਾ ਸੰਦੇਸਾ ਫੇਰਿਆ ਤੇ ਅ
ਜ ਹਜਾਰਾਂ ਅਮਰੀਕਨ ਗੋਰੇ ਮੰਦਰ ਸਾਜਕੇ
ਉਸ ਸੁਨੇਹੇ ਨੂੰ ਵਚਾਰ ਰਹੇਹਨ। ਅਜ ਦੇ ਅਮ
ਰੀਕਾ ਬੈਠੇ ਹਿੰਦੋਸਤਾਨੀ ਭੀ ਇਨਾਂ ਦੇ ਧਰ
ਮੀਆਂ ਦੀ ਸੇਵਾ ਤੇ ਕੁਮਾਈ ਦਾ ਹੀ ਫਲ ਹੈ
ਖਾਲਸਾ ਜੀ ! ਤੁਸੀਂ ਭੀ ਗੁਰੂ ਨਾਂਨਕ ਦੇ ਸੁ
ਨੇਹੇ ਨੂੰ ਦੁਨੀਆਂ ਵਿਚ ਪੁਚੌਣ ਲਈ ਹਿੰਦ ਤੋਂ
ਹਿਲੋ ਇਹ ਤੁਹਾਡਾ ਫਰਜ ਹੈ।

# SOME NEW YEAR THOUGHTS

Imperialists are never tired of telling us that India is the Imperial diadem. But all over the British Empire in Canada, South Africa, New Zeland or Australia the Hindus are debarred from entering under one pretence or another and those who are already there are treated with contumely or contempt. In one dominion they are like slaves not allowed to move from one part of the country to the other. Whilst in others we are intetionally insulted and our rights are flouted at every step. Untold indignties are heaped on our heads and this stigma of racial colour bar is all the time kept well before our eyes, so that we may not forget our origin. They say a prisoner after his term in jail is a free man, but not so with us. Our self-respect as a nation is wounded wherever we go and yet we are not allowed to say a word of what is going within us. Why is it that in spite of India's paramount importance to the Empire her sons are ignored and even at the Imperial Conference this great issue is side-tracked? Why is our national honour besmirched in the dust by insulting and flogging our brothers and sisters, the flesh of our flesh and the bone of our bone? Why is it that in South Africa, Dharmvir Gandhi and tens nay hundreds of India's sons are undergoing voluntarily untold privations and are locked up in jails like common criminals for making protests against this inhuman treatment? They say that blood of the martyrs is the seed of the church. Surely if ever there were martyrs to a cause what are they? Is it by contemptuous treatment of the sons of India in the Dominions and putting uncalled for and galling abuse on our heads that India will continue for ever under the British Crown? In our homeland we know that repression is the rule. But whenever did repression kill the spirit of a nation? How is it that our friends cannot see the writing on the wall? It is not by contempt and hatred but by love and mutual self-esteem that the solution will be found.

This great caste of certain colour being superior to others is a later phase in world history. It is kept up by ignorance and prejudice. Once upon a time it was the pride in religion which led to the Inquisition and its untold horrors. But this pride in colour and not the deed one does will vanish before the light of knowledge. But if ignorance and prejudice have their day who knows what the outcome of all this will be? These are the thoughts on NEW YEAR'S DAY.

## HINDUS IN AMERICA

Anthony Caminetti Commissioner-General of the United States Immigration whilst in Vancouver had an interview with H.H. Stevens, M.P on Hindu Immigration. The latter's views are well known to our friends in India. So they can very well estimate the result of this interview. It seems that the Canadian Government has given a free hand to Mr. Stevens to insult and abuse the Hindus. In the United States in various quarters there have been malicious allegations against our countrymen.

Advices from Washington D.C. state that on Dec. 15th representatives Baker and Hayes of California and Johnson af Washington sought to have the House Immigration committee incorporate in the pending immigration bill an amedment for exclusion of "Asiatics". The fight in the committee was acrimonious and confusion in the discussion was so marked that it was reported an amendment had been carried for Asiatic exclusion.

By a close vote, however, after repeated attempts, the question of including an inhibition against Asiatics was deferred untill later in the day with the Washington and California members of the committee insisting on exclusion.

The Japanese have been protesting against unfair legislation. We hope that the British Ambassador at Washington, D.C. will protect our rights under the treaties now in force between Great Britain and the United States, so that an injustice may not become a law. According to the favoured nation clause there can be no discrimination betweeu one British subject and another.

## A PRAYER

This is my prayer to thee my lord— strike, strike at the root of penury in my heart.

Give me the strength lightly to bear my joys and sorrows.

Give me the strength to make my love fruitful in service.

Give me the strength never to disown the poor or bend my knees before insolent might.

Give me the stregth to raise my mind high above daily trifles,

And give me the strength to surrender my strength to thy will with love.

RABINDRANATH TAGORE

## THE SOUTH AFRICAN FUND

A fund in aid of our countrymen in South Africa has been opened dy the **SANSAR**. All moneys sent to the office of this paper will be forwarded to the proper quarters in South Africa We hope our readers will send us their mite and thus show their sympathy in the cause of our suffering brethren. We acknowledge receipt of the following contributions in aid of this fund.

| | |
|---|---|
| THE SANSAR | $ 5.00 |
| Mr Sohan Singh | $ 5.00 |
| Mr Batan Singh | $ 2.00 |
| Mr Indar Singh | $ 2.00 |

Five Hindus who arived recently in Key West Florida U. S. A. were ordered deported on the ground that they were likely to become public charges and that they came under the contract law. The Hindus appealed to the British consul on the ground that they were British subjects and carried British passports. The men have been working on the Canal Zone for the past five years. They seem to be well supplied with money and protest that they are not contract laborers.

YOU SHOULD READ

THE

SANSAR

THE ONLY HINDUSTANI PAPER IN CANADA

ANNUAL SUBSCRIPTION $2.50

SPECIMEN COPIES SENT FREE

APPLY TO:— 630 SPEED AVENUE, VICTORIA, B. C.

# ਸਾਡੀ ਗਫਲਤ ਦੇ ਭੈੜੇ ਸਿਟੇ

ਉਹ ਭੀ ਦਿਨਸਨ ਜਦ ਅਸੀਂ ਇਸ ਦੇਸ ਵਿ
ਚ ਕਈ ਹਜਾਰਾਂ ਦੀ ਗਿਣਤੀ ਵਿਚ ਸਾਂ ਬੜੇ
੨ ਪਹਾੜ ਕੰਮਾਂ ਨੂੰ ਕਰਨ ਲਈ ਐਵੇਂ ਸਾਡਾ
ਪਾਸਾ ਫੇਰਨਾ ਹੀ ਪੂਰਾ ਕਰ ਜਾਂਦਾ ਸੀ ਅ
ਸੀਂ ਉਸ ਗਿਣਤੀ ਤੋਂ ਕਈ ਹਜਾਰਾਂ ਹੋਸਕ
ਦੇ ਸਾਂ ਪਰ ਹਾਏ ਅਸੀਂ ਗਾਫਲ ਸਾਂ ਤਲਵਾ
ਰ ਬੜੀ ਤੇਜ ਹੈ ਤੇ ਆਦਮੀ ਦੇ ਸਿਰ ਨੂੰ ਇਕ
ਫੇਰ ਵਿਚ ਕਪਕੇ ਰਖ ਦਿੰਦੀ ਹੈ ਪਰ
ਅਨਜਾਣ ਪੁਣਾ ਤੇ ਗਫਲਤ ਹਜਾਰਾਂ ਤੇ ਲ
ਖਾਂ ਆਦਮੀਆਂ ਦੇ ਸਿਰਾਂ ਨੂੰ ਕਪਣ ਲਗਿ
ਆਂ ਇਕ ਫੇਰ ਭੀ ਨਹੀਂ ਲੈਂਦੇ ਕੀ ਤੁਸੀਂ ਦੇਖ
ਨਹੀਂ ਰਹੇ ਕਿ ਤੀਹ ਕਰੋੜ ਬੰਦੇ ਜਿਨਾਂ ਦੀ
ਤਾਕਤ ਬੇਅੰਤ ਹੈ ਸਿਰਫ ਅਨਜਾਣ ਤੇ ਗਾਫ
ਲ ਹੋਣ ਕਰਕੇ ਸਿਰ ਕਟਿਆਂ ਨਾਲੋਂ ਭੀ ਭੈੜੀ
ਹਾਲਤ ਵਿਚ ਪਏ ਹਨ। ਹਾ ਇਸ ਪਾਪਣ
ਗਫਲਤ ਨੇ ਹੀ ਕਨੇਡਾ ਵਿਚ ਸਾਡੇ ਟੋਟੇ ਕੀਤੇ
ਹਨ ਤੇ ਇਹ ਹੀ ਡੈਣ ਅਜ ਸਾਡੇ ਡਕਰੇ ਕਰ
ਰਹੀ ਹੈ ਚਾਰ ਸਾਲ ਇਕ ਝੂਠਾ ਕਾਨੂਨ ਸਾਡੇ
ਪੁਰ ਵਰਤ ਹੁੰਦਾ ਰਿਹਾ ਕੀ ਅਜੇ ਭੀ ਤੁਹਾਨੂੰ
ਸ਼ਕ ਹੈ ਕਿ ਚਾਰ ਸਾਲ ਤਾਈਂ ਸਾਡੀਆਂ ਅ
ਖਾਂ ਵਿਚ ਘਟਾ ਨਹੀਂ ਪੈਂਦਾ ਰਿਹਾ ਤੇ ਉਹ
ਹੀ ਕਾਨੂਨ ਜੋ ਸਰਾਸਰ ਗਲਤ ਸੀ ਅਸਾਂ
ਤੋਂ ਦੂਆਂ ਪੁਤ ਚਲਦਾ ਨਹੀਂ ਰਿਹਾ ਜਿਸਨਾਲ
ਇਕਭੀ ਹਿੰਦੀਦਾ ਕਨੇਡਾ ਵਿਚ ਆਕੇ ਸਾਡਾ
ਪ੍ਰਦੇਸੀ ਭਰਾ ਬਨਣਾ ਕਠਨ ਹੋਗਿਆ ਬਚੇ
ਇਸਤਰੀਆਂ ਤਕ ਨੂੰ ਜੋ ਸਾਡੇ ਲਹੂ ਦਾ ਲਹੂ
ਤੇ ਸਾਡੇ ਸਰੀਰ ਦਾ ਸਰੀਰ ਸਨ ਧਕੇ ਪਏ
ਹਾ ਪਾਪਣ ਗਫਲਤ ! ਇਹ ਸਭ ਕੁਛ ਸਾ ਤੋਂ ਤੂ
ਹੀਂ ਕਰਾਇਆ ਇਹ ਕਾਨੂਨ ਜੋ ਹੁਣ ਆਕੇ
ਟੁਟਾ ਹੈ ਜਿਸ ਦਿਨ ਪਾਸ ਹੋਇਆ ਹੈ ਉਸ
ਦਿਨ ਭੀ ਟੁਟ ਸਕਦਾ ਸੀ ਪਰ ਸੁਤਿਓ ਹੋਇਓ
ਵੀਰੋ ਅਪਣੀ ਗਫਲਤ ਮੰਨੋ ॥

ਅਜ ਸਾਡੀ ਗਿਣਤੀ ਪਹਲੇ ਜੋਬਨ ਪੁਰ ਨਹੀਂ
ਹੈ ਜੋ ਕੰਮ ਅਗੇ ਅਸੀਂ ਚੁਟਕੀ ਬਜਾਇਆਂ
ਕਰ ਸਕਦੇ ਸਾਂ ਅਜ ਸਾਨੂੰ ਉਸ ਲਈ ਤੇੜੀ
ਆਂ ਬਜੌਣ ਦੀ ਲੋੜ ਹੈ

ਅਸੀਂ ਕਰਮ ਹੀਣ ਗਾਫਲ ਆਪਸ ਦੀਆਂ
ਲੜਾਈਆਂ ਲੜਕੇ ਤੇ ਫਸਾਦਾਂ ਪੁਰ ਹੀ ਲ
ਲਕਾਰੇ ਮਾਰਕੇ ਮਰਦਊ ਦਸਦੇ ਰਹੇ ਪਰ
ਤਾਂ ਹੀ ਪਤਾ ਲਗਾ ਜਦ ਵੈਰੀਆਂ ਦੀ ਕਾਤੀ
ਸਾਡੇ ਸਾਰੇ ਹਿੰਦ ਦੇ ਜਾਇਆਂ ਦੇ ਸੀਨੇ ਚਾਕ
ਕਰ ਚੁਕੀ ਸੀ ਤੇ ਸਾਡੇ ਕੌਮੀ ਹਕਾਂ ਦਾ ਦੀਵਾ
ਬੁਝਣ ਦੇ ਨੇੜੇ ਆ ਪੁਜਾ ਸੀ ਇਕ ੨ ਗਫਲ
ਤ ਗਿਣੀਏ ਤਾਂ ਦਫਤਰ ਬਣ ਜਾਂਦੇ ਹਨ ਪਰ
ਰੋਣਾ ਤਾਂ ਇਸ ਗਲਦਾ ਹੈ ਕਿ ਅਜੇ ਭੀ ਅਸੀਂ
ਉਹੋ ਜਿਹੇ ਹੀ ਕੋਰੇ ਤੇ ਗਾਫਲ ਹਾਂ ਜਿਹੋ ਜਿਹੇ
ਪਹਲਾਂ ਸਾਂ ਉਟਾਵੇ ਵਿਚ ਤੇ ਲੰਡਨ ਵਿਚ ਸਾ
ਡੇ ਲਈ ਹੋਰ ਕਾਨੂਨ ਬਣੌਣ ਲਈ ਜਿਸ ਦਾ
ਨਮੂਨਾ ਹੁਣੇ ਹੀ ਪਾਸ ਹੁਏ ਅਰਡਰ ਇਨ ਕੌਂਸ
ਲ ਨੂੰ ਦੇਖ ਲਵੋ ਤਾਰਾਂ ਪੁਰ ਤਾਰਾਂ ਖੜਕ ਰ
ਹੀਆਂ ਹਨ ਸਾਡੇ ਬੰਦ ਕਰਨ ਵਾਲੇ ਤੇ ਰੋਕਣ
ਵਾਲਿਆਂ ਨੂੰ ਅਖ ਪਟਣ ਦਾ ਵਿਹਲ ਨਹੀਂ
ਤੇ ਬੀਹ ਬੀਹ ਘੰਟੇ ਤਕ ਬੈਠੇ ਜੁਗਤਾਂ ਸੋਚ ਰ
ਹੇ ਹਨ ਪਰ ਸਾਡੇ ਗਾਫਲਾਂ ਦੇ ਚੁਟਾਲੇ ਉਸ
ਹੀ ਹਾਲਤ ਵਿਚ ਹਨ ਜਿਸਨੇ ਸਾਡਾ ਅਗੇ
ਨਾਸ ਕੀਤਾ ਹੈ ॥

ਪਿਆਰੇ ਵੀਰੋ ਯਾਦ ਰਖੋ ਹੁਣ ਸਮਾਂ ਬਹੁਤ
ਨਹੀਂ ਹੁਣ ਤਾਂ ਬੇੜੀ ਡਕੇ ਡੋਲੇ ਖਾ ਰਹੀ ਹੈ ਜੇ
ਅਜੇ ਭੀ ਕੁਛ ਨਹੀਂ ਕਰਨਾਂ ਤੇ ਝਗੜੇ ਝਾਂਜਿ
ਆਂ ਤੇ ਰੌਲਿਆਂ ਵਿਚ ਹੀ ਦਿਨ ਟਪੌਣੇ ਹਨ
ਤਾਂ ਅਜ ਨਾਂ ਕਲ ਔਹ ਲਓ ਹੋਗਈ ਸਮਝੋ
ਅਜੇ ਭੀ ਗਫਲਤ ਦਾ ਕੁਛ ਅੰਤ ਹੈ ਭਾਈ ਭ
ਗਵਾਨ ਸਿੰਘ ਨੂੰ ਬੇਦਸਤੂਰਾ ਪਕੜਿਆ ਜਾ
ਵੇ ਤਾਂ ਦਸ ਲਖ ਫੌਜ ਸਾਮਣੇ ਤਕਦੀ ਰਹੇ ਉ
ਸ ਦੀਆਂ ਕੜੀਆਂ ਵਿਚੋਂ ਲਹੂ ਚਲੇ ਤਾਂ ਭੀ
ਖਾਲਸਾ ਬਹਾਦਰਾਂ ਦੀਆਂ ਆਸਾਂ ਵਕੀਲ
ਪੁਰ ਹੋਣ ਉਸ ਨੂੰ ਜਹਾਜ ਵਿਚ ਸਿਟਿਆ ਜਾ
ਵੇ ਤਾਂ ਅਜੇ ਭੀ ਬਾਹਰ ਖੜੇ ਦਰਦੀ ਧੁਮਚੜ
ਪੌਣ ਤੇ ਅਪਣੀ ਕਿਸਮਤ ਦੀ ਡੋਰੀ ਵਕੀਲ
ਦੇ ਕਾਗਜ ਪੁਰ ਸਿਟਕੇ ਬੰਦੇ ਮਾਤਰਮ ਗਜੌ
ਣ ਲਈ ਹਿੜ ੨ ਕਤ ਰਹੇ ਹੋਣ

ਓਏ ਗਾਫਲੋ ! ਗੁਲਾਮਾਂ ਦੇ ਲਈ
ਕਾਨੂਨ ਕਾਹਦਾ । ਅਜੇ ਪਤਾ ਨਹੀਂ ਲਗਾ
ਕਿ ਸਾਡੇ ਲਈ ਕੀ ਕਾਨੂਨ ਬਣਦੇ ਹਨ ਅਜੇ
ਸਮਝ ਨਹੀਂ ਆਈ ਕਿ ਸਾਧੂ ਰੂਪ ਤੇ ਧ
ਰਮੀ ਗਾਂਧੀ ਕਿਸ ਲਈ ਪੰਜ ਹਜਾਰ ਦੁਖਿਆ
ਰਿਆਂ ਨੂੰ ਅਫਰੀਕਾ ਵਿਚ ਟਰਾਨਸਵਾਲ
ਦੀ ਹਦ ਪੁਰ ਲੈਕੇ ਗਿਆ ਸੀ।

ਪਿਆਰੇ ਭਰਾਵੋ ! ਉਠੋ ਜਾਗੋ ਗਫਲਤ ਨੂੰ ਹੁ
ਣ ਛਡਦਿਓ ਨਹੀਂ ਤਾਂ ਉਹ ਪਾਪਣ ਲੈਡੂਬੇਗੀ ।
੧੫ ਜਨਵਰੀ ਨੂੰ ਉਟਾਵੇ ਵਿਚ ਗਵਰਨਮਿੰਟ
ਜੁੜਨੀ ਹੈ ਜਿਥੇ ਸਟੀਵਨ ਵਰਗੇ ਮਿੰਬਰਾਂ ਨੇ
ਜਿਨਾਂ ਨੇ ਤੁਹਾਡੇ ਬੂਹੇ ਪੁਰ ਤੁਹਾਨੂੰ ਬੜੇ ੨ ਕਠ
ਕਰਕੇ ਧੀਆਂ ਭੈਣਾ ਤਕ ਦੀਆਂ ਗਾਲਾਂ ਦਿ
ਤੀਆਂ ਹਨ ਅਪਨੀ ਭੈੜੀ ਸੁਣ ਕਈ ਕਨਾਂ
ਵਿਚ ਪੌਣੀ ਹੈ ਤੇ ਸਾਡੇ ਲਈ ਉਸਦੇ ਅਸਰ ਪੁ
ਰ ਕਰੜਾ ਕਾਨੂਨ ਪਾਸ ਹੋਣਾ ਹੈ ਜੇ ਮਗਰੋ
ਹਥ ਨਹੀਂ ਮਲਣੇ ਜੇ ਪਛ ਤੋਣ ਨਾਲੋਂ ਵੇਲੇ ਸਿ
ਰ ਕੰਮ ਕਰਨ ਨੂੰ ਚੰਗਾ ਸਮਝਦੇ ਹੋ ਤਾਂ ਇ
ਕ ਲਾਇਕ ਸਜਣ ਨੂੰ ਕੁਲ ਕਨੇਡਾ ਵਿਚ ਫਿ
ਰਕੇ ਪਾਰਲੀਮਿੰਟ ਵਿਚ ਜਾਕੇ ਕੁਲ ਹਿੰਦੀ
ਦੇ ਦਬ ਹੋਣ ਵਾਲੇ ਹਕ ਲਈ ਦੁਹਾਈ ਪੌਣ
ਲਈ ਘਲ ਦਿਓ

ਫਿਰਪਛਤਾਏ ਕਿਆ ਹੋਤ ਹੈ ਜਬ ਚਿੜੀਆਂ
ਚੁਗ ਗਈਂ ਖੇਅ ਯੁਨਾਈਟਿਡ ਇੰਡੀਆ
ਐਸੋਸੀਏਸ਼ਨ ਦੇ ਪਾਸ ਫੰਡ ਦੀ ਕਮੀ ਹੈ ਜੇ
ਆਪ ਪੈਸੇ ਦੀ ਮਦਤ ਬਖਸ਼ੋ ਤਾਂ ਅਸੀਂ ਇਸ
ਜਰੂਰੀ ਵਕਤ ਨੂੰ ਸੰਭਾਲਕੇ ਜੋ ਕੁਛ ਹੋਸਕੇ ਕ
ਰ ਸਕਦੇ ਹਾਂ ॥

## ਜਾਪਾਨੀ ਸਪਾਹੀ

ਹਰ ਇਕ ਜਾਪਾਨੀ ਸੁਪਾਹੀ ਵਰਜਸ਼ ਦੀ
ਆਂ ਖੇਲਾਂ ਕਰਦਾ ਹੈ ਤੇ ਹਰ ਇਕ ਬਾਰਕ ਦੇ
ਵਿਚ ਖੇਲਾਂ ਦੀਆਂ ਘੋੜੀਆਂ ਤੇ ਡੰਡੇ ਲਗੇ ਹੁ
ਏ ਹਨ ਸਭ ਸੁਪਾਹੀਆਂ ਨੂੰ ਇਤਨੀ ਮਸ਼ਕ ਹੈ
ਕਿ ਅਧੇ ਮਿੰਟ ਦੇ ਵਿਚਕਾਰ ਇਕ ਦੂਜੇ ਦੇ ਮੋ
ਢਿਆਂ ਪੁਰ ਟਪਕੇ ਉਹ ਚੌਦਾਂ ਫੁਟ ਉਚੀ ਕੰਧ
ਥਲ ਜਾਂਦੇ ਹਨ ਇਕ ਆਦਮੀ ਦੋ ਤਿਨਾਂ ਨੂੰ ਚੁ
ਕ ਲੈਂਦਾ ਹੈ

## ਸਾਡੇ ਅਨਜਾਣ ਵੈਰੀ

ਕੁਦਰਤ ਨੇ ਕੋਈ ਐਸਾ ਹੀ ਜੋੜ ਬਣਾ
ਇਆਹੈ ਕਿ ਸੇਵਕਾਂਦੀ ਥੁੜ ਕਰਕੇ ਅਖਬਾਰ
ਤੇ ਕੁਲ ਦੁਨੀਆਂ ਵਿਚ ਅਪਣੇ ਦੁਖੀ ਦੇਸ ਦਾ
ਸੁਨੇਹਾ ਪੁਚੌਣ ਲਈ ਹੋਰ ਅੰਗਰੇਜੀ ਪਰਚੇ
ਛਾਪਣ ਵਿਚ ਸਾਨੂੰ ਸਿਰ ਖੁਰਕਣ ਦਾ ਵਿਹ
ਲ ਨਹੀਂ ਇਤਨਾਂ ਭੀ ਸਮਾਂ ਮਿਲਨਾ ਕਠਨ
ਹੈ ਕਿ ਇਕ ਦਿਹਾੜੀ ਲਈ ਬਾਹਰ ਹੋਰ ਸ਼ਹ
ਰਾਂ ਦੇ ਭਰਾਵਾਂ ਦੇ ਜਾਕੇ ਦਰਸ਼ਨ ਭੀ ਕਰ ਸ
ਕੀਏ ਕਈ ਦਿਹਲੇ ਤੇ ਈਰਖਾਦੇ ਭਰੇਹੁਏ ਵੀਰ
ਇਸ ਸਾਡੀ ਮਜਬੂਰੀ ਦਾ ਉਲਟਾ ਲਾਭ ਉ
ਠਾ ਰਹੇ ਹਨ ਤੇ ਸਾਨੂੰ ਬੇਦੋਸ਼ੀਆਂ ਗਾਲਾਂ ਦੇ
ਕੇ ਅਪਣੇ ਪੈਰਾਂ ਪੁਰ ਆਪ ਕੁਹਾੜੀਆਂ ਮਾ
ਰ ਰਹੇ ਹਨ ਅਜ ਕਲ ਕੰਮ ਕਾਰ ਦਾ ਤੋੜਾ
ਹੈ ਤੇ ਕਈ ਉਹ ਅਧਪੜ ਸਜਣ ਜੋ ਅਗੇ
ਲਾਟਾਂ ਦੇ ਹੇਰ ਫੇਰ ਵਿਚ ਦਿਨ ਬਤੀਤ ਕਰ
ਦੇ ਸਨ ਹੁਣ ਇਸ ਸ਼ੁਗਲ ਵਿਚ ਸਮਾਂ ਟੁਪਾ
ਰਹੇ ਹਨ ਡੂੰਘੀ ਵਿਚਾਰ ਦੀ ਥੁੜ ਕਰਕੇ ਇਹ
ਨਹੀਂ ਦੇਖ ਸਕਦੇ ਕਿ ਜੋ ਮਰੋੜੀਆਂ ਅਜ ਅ
ਸੀਂ ਹਥਾਂ ਨਾਲ ਦੇ ਰਹੇ ਹਾਂ ਇਹ ਸਾਨੂੰ ਭਲਕੇ
ਦੰਦਾਂ ਨਾਲ ਖੋਲਣੀਆਂ ਪੈਣਗੀਆਂ ਸੰਸਾਰ
ਸਚੀ ਤੇ ਨਿਰਮਲ ਕੌਮੀ ਸੇਵਾ ਦਾ ਪਰਚਾਰਕ
ਹੈ "ਸੰਸਾਰ" ਕੁਰਬਾਨੀ ਕਰਨ ਵਾਲਿਆਂ
ਪਕੇ ਤੇ ਨਿਗਰ ਕੰਮ ਸੁਆਰਨ ਵਾਲਿਆਂ ਤੇ
ਧਰਮੀਆਂ ਦੇ ਚਰਨਾਂ ਦੀ ਧੂੜ ਲੋਚਦਾ ਹੈ ਪ
ਰ ਐਵੇਂ ਬਾਤਨ ਹੀ ਅਸਮਾਨ ਢੁਵਾਵੇ ਗ
ਲਾਂ ਨਾਲ ਹੀ ਅਸਮਾਨ ਢੁਔਣ ਵਾਲਿਆਂ
ਨੂੰ ਭਾਵੇਂ ਕਿਸੇ ਭੈੜੀ ਨਜਰ ਨਾਲ ਨਹੀਂ ਦੇਖ
ਸਕਦਾ ਕਿਓਂਕਿ ਉਹ ਭੀ ਉਸ ਭਾਰਤ ਵਰਸ਼
ਦੇ ਜਾਏ ਹਨ ਪਰ ਉਨਾਂ ਨੂੰ ਸੇਵਾ ਵਿਚ ਲੋਣ
ਤੇ ਸਮਝੌਣ ਨੂੰ ਅਪਣਾ ਧਰਮ ਸਮਝਦ ਹੈ
ਸੰਸਾਰ ਦੇ ਸੇਵਕ ਅਪਨੀ ਬੇਗਰਜ ਕੀਤੀ
ਹੁਈ ਸੇਵਾ ਤੇ ਨੇਕ ਨੀਅਤੀ ਦਾ ਇਸ ਨੂੰ ਕੌ
ਮ ਦੇ ਸਪੁਰਦ ਕਰਕੇ ਪਕਾ ਸਬੂਤ ਦੇ ਚੁਕੇ ਹ
ਨ ਤੇ ਅਪਣੇ ਸਹਾਇਕਾਂ ਤੇ ਸਭ ਵੀਰਾਂ ਦੇ ਪਾ
ਸ ਜੋ ਸਚ ਇਨਸਾਫ ਤੇ ਧਰਮ ਦੇ ਚੰਗੇ ਪਾਰ
ਖੂ ਹਨ ਸਿਰਫ ਇਹ ਹੀ ਬੇਨਤੀ ਕਰਦੇ ਹਨ
ਕਿ ਹੁਣ ਪਰਪਕ ਸਚਾਈ ਤੇ ਅਸੂਲ ਪੁਰ ਸੇ
ਵਾ ਕਰਨ ਦਾ ਸਮਾਂ ਹੈ ਤੇ ਸਾਡੇ ਵਰਗੀ ਪਿ
ਛਾਹਾਂ ਪਈ ਕੌਮ ਲਈ ਸਿਰਫ ਗਲਾਂ ਹੀ ਗ
ਲਾਂ ਜੋ ਆਮ ਕਤਕੇ ਈਰਖਾ ਜਿਦ ਤੇ ਗੁਸੇ
ਨਾਲ ਭਰੀਆਂ ਹੋਈਆਂ ਬੇਥੋਹੀਆਂ ਹੁੰਦੀਆਂ
ਹਨ ਨਾਸ ਕਰਨ ਤੋਂ ਬਿਨਾਂ ਕੁਛ ਨਹੀਂ ਸੁਆ
ਰਸਕਦੀਆਂ ਆਪਨੇ ਸੰਸਾਰ ਦੀ ਸਚਾਈ ਪ
ਰਖ ਲਈ ਹੈ ਹੁਣ ਵਾਧੂ ਤੇ ਬੇਢਿਦਾ ਚੀਂ ਪੀਂ
ਦੀ ਥਾਂ ਇਸ ਸੇਵਕ ਦੀ ਦਿਲ ਖੋਲਕੇ ਮਦਤ
ਕਰੋ ਸਾਲ ਮੁਕਣ ਦੇ ਨੇੜੇ ਹੈ ਹੋਰ ਭਰਾਵਾਂ
ਨੂੰ ਇਸ ਦੇ ਗਾਹਕ ਬਣਾਵੋ ਚੰਦੇ ਭੇਜੋ ਤੇ ਹਰ
ਤਰਾਂ ਮਦਤ ਕਰੋ ਕਿਓਂਕਿ ਇਹ ਕੌਮ ਦਾ ਸੇਵ
ਕ ਆਪ ਦੀ ਮਦਤ ਪਿਆਰ ਤੇ ਦਲਾਸੇ
ਦਾ ਹਕਦਾਰ ਹੈ ਨਾਂ ਕਿ ਅਨਜਾਣ ਪੁਣੇ ਦੇ
ਤੇ ਬੇਢੰਗਾ ਈਰਖਾ ਦਾ ।

## ਸੋਨੇ ਦੀ ਖਾਲ ਇੰਡੀਆ

ਕੁਲ ਦੁਨੀਆਂ ਜਾਣਦੀ ਹੈ ਕਿ ਹਿੰਦੁਸ
ਤਾਨ ਦੇਸ ਕੁਲ ਦੇਸਾਂ ਵਿਚੋ ਪਿਛੇ ਤੇ ਹਿੰਦੀ
ਕੌਮ ਕੁਲ ਕੌਮਾਂ ਨਾਲੋਂ ਦੁਖੀ ਕੌਮ ਹੈ ਕਾਲ
ਪਲੇਗ ਹੈਜਾ ਅਨੇਕ ਭਿਆਣਕ ਛਤਰੂ ਇ
ਸ ਤਰਕੀ ਦੇ ਸਮੇਂ ਵਿਚ ਤੀਹ ਕਰੋੜ ਜੀਵਾਂ
ਨੂੰ ਦਬਾ ਦਬ ਚੂਬਾ ਰਹੇ ਹਨ ਪ੍ਰਦੇਸਾਂ ਵਿਚ
ਹਿੰਦੀਆਂ ਦੀ ਨਰਾਦਰੀ ਇਕ ਉਘੀ ਗਲ ਹੈ
ਇਸਦੇ ਬੇਅੰਤ ਕਾਰਨਾਂ ਵਿਚੋ ਮੋਟੇ ੨ ਇਹ ਹਨ
ਕਿ ਜੋ ਵਿਦਆ ਹੋਰ ਦੇਸਾਂ ਵਿਚ ਹਰ ਇਕ ਬ
ਚੇ ਨੂੰ ਦੇਣੀ ਗਵਰਨਮਿੰਟ ਦਾ ਜਰੂਰੀ ਧਰਮ ਹੈ
ਉਹ ਫਰਜ ਹਿੰਦ ਦੀ ਗਵਰਨਮਿੰਟ ਪੂਰਾ ਨਹੀਂ
ਕਰ ਰਹੀ ਇੰਡੀਆ ਵਿਚ ਭਾਵੇਂ ਹਜਾਰਾਂ ਵਾ
ਰ ਰੌਲੇ ਪਾਇਗਏ ਅਨੇਕਾਂ ਰੈਜੋਲੀਊਛਨ ਪਾ
ਸ ਹੋਏ ਪਰ ਹਿੰਦ ਦੀ ਸਰਕਾਰ ਨੇ ਅਜੇ ਹਰ
ਇਕ ਭਾਰਤ ਵਾਸੀ ਨੂੰ ਵਿਦਆ ਜਰੂਰਹੀ ਦੇ
ਣੀ ਅਪਣਾ ਧਰਮ ਨਹੀਂ ਸਮਝਿਆ ਇਸ ਗ
ਫਲਤ ਦਾ ਇਹ ਸਿਟਾ ਹੈ ਕਿ ਉਹ ਕੌਮ ਜਿਸਦੇ
ਵਿਚੋ ਬੜੇ ੨ ਮਹਾਰਿਛੀ ਸੰਤ ਭਗਤ ਸਾਇੰਨ
ਸ ਦੇ ਧਨੀ ਵਿਦਆ ਵਿਚ ਦੁਨੀਆਂ ਵਿਚ
ਵਧ ੨ ਕੇ ਵਡਿਆਈ ਖਟਨ ਵਾਲੇ ਬੀਰ ਪੈ
ਦਾ ਹੋ ਸਕਦੇ ਹਨ ਆਮ ਕਰਕੇ ਅਗਿਆਨ
ਤੇ ਅਨਜਾਣ ਪਈ ਹੈ ਤੇ ਲਖਾਂ ਵਡਮੁਲੇ ਮੋਤੀ
ਤੇ ਲਾਲ ਰੁਲ ਰਹੇ ਹਨ ਅੰਗਰੇਜੀ ਸਰਕਾਰ
ਦਾ ਹਿੰਦ ਵਿਚ ਵਿਦਆ ਆਮ ਨਾਂ ਕਰਨ
ਦਾਹੀ ਸਿਟਾ ਹੈ ਕਿ ਵੈਨਕੋਵਰ ਵਲੋਂ ਪਾਰਲੀ
ਮੈਂਟ ਦੇ ਮੈਂਬਰ ਸਟੀਵਨ ਜਹੇ ਫਕੜ ਗੋਰੇ ਅੰ
ਗਰੇਜੀ ਰਾਜਦੇ ਅੰਦਰ ਹੀ ਸਾਡੀ ਸਾਰੀ ਕੌ
ਮ ਨੂੰ ਹਜਾਰ ੨ ਗਾਲੀ ਕਢਦੇ ਹਨ ਤੇ ਦਸਦੇ
ਹਨ ਕਿ ਇਹ ਲੋਕ ਨਕੰਮੇ ਤੇ ਕਿਸੇ ਭੀ ਕੰਮ ਦੇ
ਯੋਗ ਨਹੀਂ ਹਨ॥ ਦੂਜੇ ਹਿੰਦੀਆਂ ਨੂੰ ਅਪਣੇ ਦੇ
ਸ ਦੇ ਰਾਜ ਪਰਬੰਧ ਵਿਚ ਹੋਰ ਦੇਸਾਂ ਨਾਲੋਂ
ਬਹੁਤ ਹੀ ਘਟ ਹਿਸਾ ਦੂਜੀਆਂ ਕੌਮਾਂ ਨੂੰ ਕੀ
ਕਨੇਡਾ ਤੇ ਅਫਰੀਕਾ ਵਰਗੀਆਂ ਬਸਤੀਆਂ
ਦੇ ਗੋਰਿਆਂ ਨੂੰ ਹੀ ਹਿੰਦੀਆਂ ਨੂੰ ਜੀ ਆਇ
ਆ ਧੀੜਨ ਤੇ ਮਰਜੀ ਅਨਸਾਰ ਸਤੌਣ ਲ
ਈ ਛੋਰ ਬਣਾ ਰਿਹਾ ਹੈ ਇਨਾਂ ਹਾਲਤਾਂ ਵਿਚ
ਭੀ ਜਣਾ ਖਣਾ ਗੋਰਾ ਭਾਵੇਂ ਉਹ ਕਨੇਡਾ ਦਾ
ਹੋਵੇ ਤੇ ਭਾਵੇਂ ਅਸਟਰੇਲੀਆ ਦਾ ਹੋਵੇ ਉਹ ਅ
ਫਰੀਕਾ ਤੋਂ ਔਂਦਾ ਹੋਵੇ ਤੇ ਭਾਵੇਂ ਇੰਗਲੰਡ ਤੋਂ
ਸਾਨੂੰ ਉਚੀ ਉਚੀ ਸੁਣੌਂਦਾ ਹੈ ਕਿ ਸਾਡੀ ਕੌਮ
ਨੇ ਤੁਹਾਡੇ ਦੇਸ ਨੂੰ ਥੰਮਿਆਂ ਹੋਇਆ ਹੈ ਤੇ ਹਰ
ਮਿੰਟ ਵਧਾ ਤੇ ਸੁਆਰ ਰਹੀ ਹੈ ਇਕ ਪਾਸੇ ਸਾ
ਨੂੰ ਵਧੌਣ ਤੇ ਸੁਆਰਨ ਦੀਆਂ ਥਾਪੀਆਂ ਮਿ
ਲਦੀਆਂ ਹਨ ਦੂਜੇ ਪਾਸੇ ਸਾਨੂੰ ਪੈਰ ੨ ਪੁਰ
ਦੁਖ ਦਿਸ ਰਹੇ ਹਨ ਇਹੋ ਜਿਹੀ ਹਾਲਤ ਵਿਚ
ਉਮੈਦ ਹੈ ਕਿ ਹਰ ਇਕ ਹਿੰਦੁਸਤਾਨੀ ਸਰ
ਜਾਨਬਰਵੁਡ ਦੇ ਅਗਲੇ ਲੈਕਚਰ ਨੂੰ ਜੋ ਉਨਾਂ
ਨੇ ਪਿਛੇ ਜਿਹੇ ਦਿਤਾ ਹੈ ਬੜੀ ਗੌਹ ਨਾਲ ਪੜ
ਨਗੇ ਉਸ ਨੇ ਇਹ ਦਸਦੇ ਹੋਏ ਕਿ ਅੰਗਰੇਜੀ
ਕੌਮ ਦਾ ਹਿੰਦੁਸਤਾਨ ਨੇ ਕੀ ਸੁ ਆਰਿਆ ਹੇਠ
ਲਿਖੇ ਬਚਨ ਕਹੇ ਹਨ :—
ਇੰਡੀਆ ਨੇ ਸਾਡਾ ਕੀ ਬਣਾਇਆ ਹੈ
ਸਭ ਕੁਛ ਹੀ ਜਿਸ ਨਾਲ ਇਹ ਟਾਪੂ ਇੰਗਲੈਂ
ਡ ਦੁਨੀਆਂ ਦੇ ਤਖਤੇ ਪਰ ਜਾਪਾਨ ਦੇ ਟਾਪੂ
ਆਂ ਵਾਂਗਰ ਦੁਨੀਆਂ ਵਿਚ ਰਕੀ ਛਾਨ ਦਾ
ਨਾਈ ਅਨੰਦ ਇਜਤ ਤੇ ਤਾਕਤ ਵਿਚ ਸਭ
ਤੋਂ ਬੜੀ ਬਾਦਛਾਹੀ ਬਣ ਗਈ ਹੈ ਇਕ ੨ ਕ
ਰਕੇ ਦਸੀਏ ਤਾਂ ਸੁਣੋ ਸਾਡੇ ਜੰਗੀ ਬੇੜੇ ਦਾ
ਮੁਢ ਇੰਡੀਆ ਨੇ ਤੋਰਿਆ ਸਾਡੇ ਬੁਪਾਰ ਦੇ
ਜਹਾਜ ਜੋ ਦੁਨੀਆਂ ਵਿਚ ਫਿਰ ਰਹੇ ਹਨ ਇ
ਸ ਇੰਡੀਆ ਦੀ ਤੁਫੈਲ ਬਣੇ ਇਸ ਨੇ ਹੀ ਲੰਡ
ਨ ਦੀਆਂ ਵਡੀਆ ਇਮਾਰਤਾਂ ਪਵਾਈਆਂ
ਮਤਲਬ ਕੀ ਜੇ ਹਿੰਦ ਅੰਗਰੇਜਾਂ ਦੇ ਕਾਬੂ
ਨਾਂ ਹੁੰਦਾ ਤਾਂ ਖਬਰ ਨਹੀਂ ਇੰਗਲੈਂਡ ਕਿਥੇ ਹੁੰ
ਦੀ ਤੇ ਐਡੰਬਰਗਾ ਚੇਲਟੈਨਹਮ ਬਾਬ ਤੇ ਕ
ਲਿਫੜਨ ਛਹਰ ਇਹ ਸਭ ਇੰਡੀਆ ਦੇ ਪੈਸੇ ਨੇ
ਹੀ ਬਣਾਏ ਇੰਡੀਆ ਦੇ ਬੁਪਾਰ ਨਾਲ ਇੰਡੀ
ਆ ਦੀ ਹੀ ਦੌਲਤ ਸੀ ਜਿਸ ਦੀ ਤਾਕਤ ਨਾ
ਲ ਅਸੀਂ ਬੋਨਾਂ ਪਾਰਟ ਦਾ ਟਾਕਰਾ ਕਰ ਸ
ਕੇ ਤੇ ਉਸ ਨੂੰ ਹਰਾਕੇ ਪੀਹ ਸਿਟਿਆ ਤੇ ਖਾਕ
ਛਾਹ ਕਰ ਦਿਤਾ ਇੰਡੀਆ ਦੇ ਧਨ ਦੀ ਛਗ
ਤੀ ਨਾਲ ਹੀ ਅਸੀਂ ਉਸ ਨੂੰ ਨਰੜਕੇ ਜਹਾਜ
ਵਿਚ ਲਦ ਦਖਣੀ ਅਟਲਾਂਟਿਕ ਦੇ ਟਿਲੇ ਪੁਰ
ਸਿਟਿਆ ਜਿਸ ਦਾ ਨਾਮ ਤਕ ਮਿਟਚੁਕਿਆ ਹੈ

ਇਹ ਫੈਦੇ ਹਿੰਦ ਨੇ ਇੰਗਲੈਂਡ ਦੇ
ਕੀਤੇ ਪਰ ਹਿੰਦੀਆਂ ਨੂੰ ਅਪਣੀ ਕੌਮ ਦੀ
ਤਾਕਤ ਦਾ ਪਤਾ ਹੀ ਨਹੀਂ ਉਠੋ ! ਗਾਫਲੋ
ਹੁਣ ਤਾਂ ਹੋਛ ਸੰਭਾਲੋ ।

## ਪਨਾਮਾ ਨੂੰ ਮੁੜ ਜਾਓ

ਪਨਾਮਾ ਤੋਂ ਕਦੀਂ ਕਦੀਂ ਹਿੰਦੁਸਤਾਨੀ
ਭਰਾ ਯੂਨਾਈਟਿਡ ਸਟੇਟਸ ਅਮਰੀਕਾ ਨੂੰ ਔਂ
ਦੇ ਰਹੰਦੇ ਹਨ ਯੂਨਾਈਟਿਡ ਸਟੇਟਸ ਦੀ ਫ
ਲਾਰੋਡਾ ਰਿਆਸਤ ਦੇ ਕੀਵ ਵੈਸਟ ਛਹਰ
ਤੋਂ ਸਾਨੂੰ ਇਕ ਖਾਸ ਖਬਰ ਆਈ ਹੈ ਕਿ ਪਿ
ਛਲੇ ਹਫਤੇ ਪੰਜ ਹਿੰਦੁਸਤਾਨੀਆਂ ਨੂੰ ਜੋ ਉਥੇ ਪੁ
ਜੇ ਇਮੀਗਰੇਛਨ ਅਫਸਰਾਂ ਨੇ ਪਿਛਾਹਾਂ ਮੋੜ
ਦੇਣ ਦਾ ਹੁਕਮ ਦਿਤਾ ਹੈ ਤੇ ਮੋੜਦੇਣ ਦੀ ਦ
ਲੀਲ ਇਹ ਦਿਤੀ ਹੈ ਕਿ ਇਹ ਅਮਰੀਕਾ ਵਿ
ਚ ਲੰਘਕੇ ਮੰਗਕੇ ਖਾਣਗੇ ਤੇ ਠੇਕੇ ਦੀ ਮਜ
ਦੂਰੀ ਦੇ ਕਾਨੂਨ ਦਾ ਭੀ ਜੁਰਮ ਇਨਾਂ ਪੁਰ
ਲਾਇਆ ਹੈ ਇਨਾਂ ਪੰਜਾ ਭਰਾਵਾਂ ਨੇ ਅੰਗਰੇ
ਜੀ ਕੌਂਸਲ ਦੇ ਪਾਸ ਅਪੀਲ ਕੀਤੀ ਹੈ ਕਿ
ਅਸੀਂ ਅੰਗਰੇਜੀ ਪਰਜਾ ਹਾਂ ਤੇ ਸਾਡੇ ਪਾਸ
ਅੰਗਰੇਜੀ ਰਾਹਦਾਰੀ ਦੀਆਂ ਚਿਠੀਆਂ ਹਨ
ਸਾਰਿਆਂ ਦੇ ਪਾਸ ਹੀ ਚੋਖਾ ਡਾਲਰ ਹੈ ਜਿਸ
ਨੂੰ ਦੇਖਕੇ ਭੀ ਇਮੀਗਰੇਛਨ ਵਾਲੇ ਦਸਦੇ ਹ
ਨ ਕਿ ਇਹ ਲੋਕਾਂ ਪੁਰ ਭਾਰੂ ਹੋਣਗੇ ਸਾਰਿ
ਆਂ ਨੇ ਪਨਾਮਾ ਵਿਚ ਪੰਜ ੨ ਸਾਲ ਕੰਮ
ਕੀਤਾ ਹੈ.

ਅਜ ਕਲ ਦੇ ਸਮੇਂ ਵਿਚ ਜਥੇ ਬਦੀ ਤੋਂ ਬਿਨਾਂ
ਕੋਈ ਕੌਮ ਤਾਕਤਵਰ ਤੇ ਸੁਖੀ ਨਹੀਂ ਹੋਸਕ
ਦੀ ਸਾਡੇ ਭਰਾ ਕੁਲ ਦੁਨੀਆਂ ਪੁਰ ਹੀ ਇਸ
ਤਰਾਂ ਬੇਥੇਹੇ ਦੁਖੀ ਹੋਰਹੇ ਹਨ ਅਸੀਂ ਅਪਨੇ
ਪਨਾਮਾ ਨਵਾਸੀ ਭਰਾਵਾਂ ਦੀ ਸਿਵਾ ਵਿਚ ਬੇ
ਨਤੀ ਕਰਦੇ ਹਾਂ ਕਿ ਤੁਸੀਂ ਪਨਾਮਾ ਵਿਚ ਇ
ਕ ਹਿੰਦੁਸਤਾਨੀ ਸੁਸਾਈਟੀ ਕਾਇਮ ਕਰੋ
ਜਿਸ ਦੇ ਸਭ ਪਨਾਮਾ ਨਵਾਸੀ ਭਰਾਵਾਂ ਨੂੰ ਮੈਂ
ਬਰ ਬਨਣ ਲਈ ਪ੍ਰੇਰਨਾ ਕਰੋ ਇਸ ਤਰਾਂ ਜ
ਥੇ ਬੰਦੀ ਕਰਕੇ ਹਿੰਦੁਸਤਾਨੀਆਂ ਦੇ ਇਕ ਥਾਂ
ਤੋਂ ਦੂਏ ਥਾਂ ਜਾਣ ਵਿਚ ਜੋ ਰੋਕਾਂ ਹੋਣ ਉਨਾਂ
ਦਾ ਪਤਾ ਕਰਦੇ ਰਹੋ ਤੇ ਉਨਾਂ ਨੂੰ ਦੂਰ ਕਰੋ
ਣ ਲਈ ਅਪਣੀ ਵਾਹ ਲਾਵੋ ਅਸੀਂ ਅਪਨੇ
ਪਨਾਮਾ ਨਵਾਸੀ ਭਰਾਵਾਂ ਦੀ ਜਿਥੋ ਤਕ ਹੋ
ਸਕੇ ਹਰ ਤਰਾਂ ਮਦਤ ਕਰਨ ਨੂੰ ਤਿਆਰ ਹਾਂ

## ਜਾਪਾਨੀ ਹਥਿਆਰ

ਟੋਕਯੋ ਜਾਪਾਨ ਤੋਂ ੩ ਛਸਤਰ ਵਿਦ
ਆ ਦੇ ਬਹੁਤ ਜਾਣੂ ਜਾਪਾਨੀ ਲੰਡਨ ਨੂੰ ਤੁਰ
ਨ ਵਾਲੇ ਹਨ ਜੋ ਕਿ ਛਸਤਰ ਤੇ ਲੜਾਈ ਦੇ
ਜਹਾਜ ਬਣੌਣ ਦੀਆਂ ਮਛੀਨਾਂ ਤੇ ਸਮਾਨ ਦੀ
ਬਾਬਤ ਰਪੋਟ ਕਰਨਗੇ ਤੇ ਜੇ ਠੀਕ ਸਮਝਿ
ਆ ਤਾਂ ਬਹੁਤ ਸਾਰੀਆਂ ਮਛੀਨਾਂ ਤੇ ਛਸਤਰ
ਬਣੌਣ ਦਾ ਬਹੁਤ ਅਸਬਾਬ ਖਰੀਦਣਗੇ ਜਾ
ਪਾਨ ਅਪਣੇ ਹਥਿਆਰ ਲੜਾਈ ਦਾ ਸਾਮਾ
ਨ ਤੇ ਜੰਗੀ ਜਹਾਜ ਬਹੁਤ ਵਧੌਣੇ ਚਾਹੁੰਦਾ ਹੈ
ਜਾਪਾਨੀ ਸਰਕਾਰ ਕੁਛ ਕਰੋੜ ਡਾਲਰ ਇਸ
ਪੁਰ ਖਰਚਣ ਨੂੰ ਤਿਆਰ ਹੈ

## ਮਲਾਇਆ ਵਿਚ ਔਕੜਾਂ

ਸੌਥ ਅਫਰੀਕਾ ਕਨੇਡਾ ਬਰਿਟਛ
ਗਾਇਨਾ ਫਿਜੀ ਆਦਕ ਅੰਗਰੇਜੀ ਬਸਤੀ
ਆਂ ਵਿਚ ਜਿਸ ਤਰਾਂ ਹਿਦੁਸਤਾਨੀਆਂ ਨਾਲ
ਡੰਗਰਾਂ ਵਰਗਾ ਵਰਤਾਓ ਹੋਰਿਹਾ ਹੈ ਤੇ
ਜਿਸ ਤਰਾਂ ਰੰਗ ਦੀ ਨਫਰਤ ਤੇ ਕੌਮੀ ਆਕ
ੜ ਨਾਲ ਗੋਰੀ ਕੌਮ ਹਿੰਦੀਆਂ ਨੂੰ ਦੁਖੀ ਕਰ
ਰਹੀ ਹੈ ਉਸ ਦੀ ਦੁਖ ਭਰੀ ਕੂਕ ਦੁਨੀਆਂ ਦੇ
ਹਰ ਇਕ ਪਾਸੇ ਪਸਰ ਚੁਕੀ ਹੈ ਤੇ ਲਖਾਂ ਰਬ
ਦੇ ਬੰਦੇ ਸਿਰਫ ਇਸ ਕਰਕੇ ਸਤਾਏ ਜਾ ਰਹੇ
ਹਨ ਕਿ ਉਹ ਹਿੰਦੁਸਰਾਨ ਦੇ ਜੰਮੇ ਹੁਏ ਹਨ
ਇਹ ਬੀਮਾਰੀ ਅਜ ਤਕ ਤਾਂ ਹਿੰਦੁਸਤਾਨ ਤੋਂ
ਦੂਰ ਦੇ ਟਾਪੂਆਂ ਵਿਚ ਜੋਰ ਛੋਰ ਪੁਰ ਸੀ ਪਰ
ਹੁਣ ਦੇਸ ਤੋਂ ਆਏ ਅਖਬਾਰਾਂ ਤੋਂ ਪਤਾ ਲ
ਗਾ ਹੈ ਕਿ ਮਲਾਇਆ ਵਿਚ ਭੀ ਹਿੰਦੁਸਤਾ
ਨੀ ਮਜਦੂਰਾਂ ਪੁਰ ਹਦੋ ਪਰੇ ਸਖਤੀ ਛੁਰੂ ਹੈ
ਥੋੜੀ ਤਨਖਾਹ ਗੰਦੇ ਮਕਾਨਾਂ ਤੇ
ਸਖਤ ਅਰ ਬੇਕਾਨੂਨੀ ਸਜਾਵਾਂ ਨੇ ਹਿੰਦੀ
ਮਜਦੂਰਾਂ ਦੀ ਨਕ ਜਾਨ ਕਰ ਦਿਤੀ ਹੈ ਵਖੋ
ਵਖਰੇ ਖੇਤਾਂ ਵਿਚ ਕੰਮ ਕਰਨ ਵਾਲਿਆਂ ਨੂੰ
ਇਕ ਦੂਜੇ ਨੂੰ ਚਿਠੀ ਪਤ੍ਰ ਕਰਨ ਤਕ ਦੀ ਰੋਕ
ਹੈ। ਹੁਣ ਉਥੇ ਦੇ ਗੋਰੇ ਜਿਮੀਦਾਰਾਂ ਨੇ ਰੌਲਾ
ਮਚੌਣਾ ਛੁਰੂ ਕੀਤਾ ਹੈ ਕਿ ਅਜੇ ਭੀ ਭਾਰਤ
ਦੇ ਗੁਲਾਮ ਸੁਖੀ ਹਨ ਇਨਾਂ ਲਈ ਤਿਨ ਨ
ਵੀਆਂ ਛਰਤਾਂ ਲਾਈਆਂ ਜਾਣ ਤੇ ਇਹ ਕਾ
ਨੂਨ ਬਣਾਇਆ ਜਾਵੇ ਕਿ ਇਕ ਤਾਂ ਇਹ ਹਿੰ
ਦੀ ਮਜਦੂਰ ਉਸ ਗੋਰੇ ਤੋਂ ਜਿਸ ਦੇ ਪਾਸ ਇ
ਹ ਕੰਮ ਕਰਦੇ ਹੋਣ ਚਿਠੀ ਲਈ ਤੋਂ ਬਿਨਾਂ
ਨਾਂ ਜਾ ਸਕਿਆ ਕਰਨ ਦੂਜਾ ਹਰ ਇਕ ਹਿ

ਦੁਸਤਾਨ ਦੇ ਜੰਮੇ ਹੁਏ ਮਜਦੂਰ ਪੁਰ ਜੋ ਮਲਾ
ਇਆ ਵਿਚ ਹੀ ਭਰਤੀ ਹੋਵੇ ਇਕ ਖਾਸ ਟੈਕਸ
ਹਾਲਾ ਲ ਇਆ ਜਾਵੇ ਤੀਜਾ ਇਹ ਕਾਨੂ
ਨ ਹਟਾਇਆ ਜਾਵੇ ਕਿ ਹਰ ਇਕ ਮਜਦੂਰ
ਨੂੰ ਹਰ ਇਕ ਮਹੀਨੇ ਦੀ ੧੦ ਤ੍ਰੀਕ ਨੂੰ ਤਨਖਾ
ਹ ਮਿਲੇ ਨਾਂ ਹਿੰਦੀ ਮਜਦੂਰ ਨੂੰ ਗੋਰਾ ਜਿਮੀ
ਦਾਰ ਛਿਠੀ ਦੇਵੇ ਤੇ ਨਾਂ ਹੀ ਉਹ ਉਸ ਨੂੰ ਛਡ
ਸਕੇ ਪਹਲੀ ਛਰਤ ਦਾ ਮਤਲਬ ਹੈ ਗਰੀਬ
ਹਿੰਦੀ ਹਾਲੇ ਦੇ ਭਾਰ ਨਾਲ ਦਬਿਆ ਜਾਵੇ
ਤੇ ਧਕੇ ਬਾਜ ਮਾਲਕ ਨੂੰ ਨਾਂ ਛਡ ਸਕੇ ਇਹ
ਦੂਜੀ ਛਰਤ ਦਾ ਇਨਸਾਫ ਹੈ ਹਰ ਮਹੀਨੇ
ਦੀ ਦਸ ਤਰੀਕ ਨੂੰ ਹਿੰਦੀ ਮਜਦੂਰ ਨੂੰ ਬੇਅੰਤ
ਮਿਹਨਤ ਕੀਤੀ ਦੀ ਕਈ ਹਿਸੇ ਘਟ ਮਜਦੂ
ਰੀ ਭੀ ਨਾਂ ਮਿਲ ਸਕੇ ਇਹ ਤੀਜੀ ਛਰਤ ਵਿ
ਚ ਦਸਿਆ ਗਿਆ ਇਸ ਤ੍ਰਕੀ ਦੇ ਸਮੇਂ ਦਾ
ਨਿਆਓ ਹੈ ਦੁਨੀਆਂ ਦੀਆਂ ਸਭ ਕੌਮਾਂ ਅਪ
ਨੇ ਇਕ ਭੀ ਬੰਦੇ ਨੂੰ ਸੂਈ ਜਿਨੀ ਪੀੜ ਹੋਣ ਪੁ
ਰ ਬਿਲਕ ਉਠਦੀਆਂ ਹਨ ਪਰ ਹਿੰਦੁਸਤਾਨੀ
ਇਨਾਂ ਹਾਲਤਾਂ ਵਿਚ ਖਪਕੇ ਮਰ ਰਹੇ ਹਨ ਜੇ
ਅਜੇ ਭੀ ਨਾਂ ਜਾਗੇ ਤਾਂ ਫੇਰ ਉਨਾਂ ਨੂੰ ਜਬਾਬ
ਮਿਲੇਗਾ ਕਿ ਹੁਣ ਵਕਤ ਬੀਤ ਗਿਆ ਹੈ ਤੇ
ਬਚਾਓ ਕਠਨ ਹੈ ।

## ਔਸਟਰੇਲੀਆ

ਅਸਟਰੇਲੀਆ ਤੇ ਨੀਊਜੀ ਲੈਂਡ ਅੰਗਰੇ
ਜੀ ਬਸਤੀਆਂ ਹਨ ਜਿਨਾਂ ਨੂੰ ਅਪਣੇ ਰਾਜ
ਪ੍ਰਬੰਧ ਦੇ ਪੂਰੇ ਅਖਤਿਅਰ ਹਨ ਅਸਟਰੇਲੀ
ਆ ਅਪਣਾ ਲੜਾਈ ਦਾ ਜਹਾਜੀ ਬੇੜਾ ਜੁ
ਦਾ ਤਿਆਰ ਕਰ ਰਿਹਾ ਹੈ ਨੀਊਜੀਲੰਡ ਦੇ ਵ
ਜੀਰ ਨੇ ਭੀ ਪਿਛੇ ਜਿਹੇ ਅਪਨਾ ਇੰਗਲੈਂਡ ਤੋਂ
ਜੁਦਾ ਬੇੜਾ ਬਨੌਣ ਦਾ ਖਿਆਲ ਜਾਹਰ ਕੀ
ਤਾ ਹੈ ਅੰਗਰੇਜਾਂ ਦੇ ਪੈਸੀਫਿਕ ਸਮੁੰਦਰ ਵਿ
ਚ ਫਿਜੀ ਸਿੰਘਾਂ ਪੁਰ ਨੀਊ ਹੈਬਰਾਡੀਜ ਕੁ
ਕ ਆਈਲੈਂਡ ਤੇ ਹੋਰ ਕਈ ਟਾਪੂ ਹਨ ਅਸਟ
ਰੇਲੀਆ ਵਾਲੇ ਇੰਗਲੈਂਡ ਨੂੰ ਦੇਰ ਤੋਂ ਜੋਰ
ਨਾਲ ਕਹ ਰਹੇ ਹਨ ਕਿ ਪੈਸੀਫਿਕ ਸਮੁੰਦਰ
ਵਿਚਲੇ ਸਾਰੇ ਟਾਪੂ ਸਾਨੂੰ ਦੇ ਦਿਓ ਤੇ ਨੀਊਹੈ
ਬਰਾਡੀਜ ਆਦਕ ਟਾਪੂਆਂ ਵਿਚ ਜੋ ਫਰੈਂਚਾਂ
ਦਾ ਹੈ ਉਸ ਨੂੰ ਭੀ ਮੁਲ ਲੈਕੇ ਸਾਨੂੰ ਦੇ ਦਿਓ
ਸੈਂਟਰਡੇ ਰੀਵੀਊ ਵਿਚ ਅਸਟਰੇਲੀਆ ਤੇ ਪੈ
ਸੀਫਿਕ ਦੇ ਸਿਰਲੇਖ ਹੇਠਾਂ ਇਕ ਗੋਰਾ ਇਓ
ਅੰਗਰੇਜਾਂ ਨੂੰ ਖਬਰਦਾਰ ਕਰਦਾ ਹੈ ਤੇ
ਲਿਖਦਾ ਹੈ ਕਿ — ਜਦ ਤੋਂ ਯੂਨਾਇਟਿਡ ਸ
ਟੇਟਸ ਅਮਰੀਕਾ ਦਾ ਜਹਾਜੀ ਬੇੜਾ ਅਸਟ
ਰੇਲੀਆ ਵਿਚ ਗੇੜਾ ਮਾਰਕੇ ਆਇਆ ਹੈ ਤੇ
ਅਸਟਰੇਲੀਆ ਅਪਨਾ ਬੇੜਾ ਬਨੌਣ ਲਗਾ
ਹੈ ਅਸਟਰੇਲੀਆ ਵਾਲੇ ਹੋਰ ਭੀ ਜੋਰ ਨਾਲ
ਚਾਹ ਰਹੇ ਹਨ ਕਿ ਇੰਗਲੈਂਡ ਪੈਸੀਫਿਕ ਸਮੁੰ
ਦਰ ਦੇ ਸਾਰੇ ਟਾਪੂ ਸਾਨੂੰ ਦੇ ਦੇਵੇ ਤੇ ਫਰੈਂਚਾਂ
ਦੇ ਟਾਪੂ ਭੀ ਸਾਨੂੰ ਲੈ ਦੇਵੇ ਤੇ ਆਪ ਪੈਸੀਫਿ
ਕ ਸਮੁੰਦਰ ਤੋਂ ਪਰੇ ਹੋਕੇ ਬੇਖਤਰ ਹੋਜਾਵੇ।
ਅੰਗਰੇਜ ਚੰਗੀ ਤਰਾਂ ਇਸ ਨੂੰ ਵਿਚਾਰਨ ਕਿ
ਅਸਟਰੇਲੀਆ ਨੂੰ ਇੰਗਲੈਂਡ ਦਾ ਗੁਆਂਢ
ਕਿਓ ਚੰਗਾ ਨਹੀਂ ਲਗਦਾ। ਜੇ ਅੰਗਰੇਜਾਂ ਨੇ
ਫਿਜੀ ਕੁਕ ਆਈਲੈਂਡ ਤੇ ਨੀਊ ਹੈਬਰਾਡੀਜ ਅ
ਸਟਰੇਲੀਆ ਨੂੰ ਦੇ ਦਿਤੇ ਤਾਂ ਉਹ ਹਾਂਗਕਾਂਗ
ਤੇ ਸਿੰਘਾਂ ਪੁਰ ਤੋਂ ਛੁਟ ਅਪਣੇ ਸਾਰੇ ਹੀ ਉਤਰ
ਵਲ ਦੇ ਪੈਸੀਫਿਕ ਸਮੁੰਦਰ ਵਿਚ ਦੇ ਟਾਪੂ ਸ
ਦਾ ਲਈ ਖੁਹਾ ਬੈਠਣਗੇ ਅਸਟਰੇਲੀਆ ਅ
ਜ ਇੰਗਲੈਂਡ ਦਾ ਇਕ ਹਿਸਾ ਹੈ ਤੇ ਕੁਛ ਚਿਰ
ਹੋਰ ਭੀ ਜਦ ਤਕ ਇੰਗਲੈਂਡ ਉਸ ਦੀਆਂ ਸਾ
ਰੀਆਂ ਮੰਗਾਂ ਪੂਰੀਆਂ ਕਰਦਾ ਰਹੇ ਉਸ ਦਾ
ਹਿਸਾ ਰਹੇਗਾ ਪਰ ਜਦ ਉਹ ਤਕੜਾ ਹੋਗਿ
ਆ ਤਾਂ ਆਜਾਦ ਹੋਜਾਵੇਗਾ ਇਕ ਅਸਟਰੇ
ਲੀਆ ਦੇ ਮੈਂਬਰ ਨੇ ਮੈਨੂੰ ਦਸਿਆ ਕਿ ਇਸੇ
ਤਰਾਂ ਹੋਵੇਗਾ ਅਸਟਰੇਲੀਆ ਦਾ ਪਕਾ ਇ
ਰਾਦਾ ਇੰਗਲੈਂਡ ਤੋਂ ਜੁਦਾ ਹੋਕੇ ਆਜਾਦ ਹੋ
ਜਾਣ ਦਾ ਮਲੂਮ ਹੁੰਦਾ ਹੈ ਇੰਗਲੈਂਡ ਦੇ ਪਾ
ਸ ਫੇਰ ਪੈਸੀਫਿਕ ਸਮੁੰਦਰ ਵਿਚ ਇਕ ਭੀ
ਘਾਟ ਨਹੀਂ ਰਹੇਗਾ ਤੇ ਉਹ ਜਰਮਨੀ ਤੇ ਫ
ਰਾਂਸ ਨਾਲੋਂ ਭੀ ਕਮਜੋਰ ਹੋਜਾਵੇਗਾ ਜੇ
ਇਕ ਬਾਰ ਪੈਸੀਫਿਕ ਸਮੁੰਦਰ ਦੇ ਉਪਰ
ਲਿਖੇ ਟਾਪੂ ਅਸਟਰੇਲੀਆ ਨੂੰ ਦਿਤੇ ਗਏ ਤਾਂ
ਉਹ ਸਦਾ ਲਈ ਇੰਗਲੈਂਡ ਦੇ ਪਾਸੋਂ ਖੁਸ ਜਾ
ਣਗੇ ਅੰਗਰੇਜ ਇਹ ਚੇਤੇ ਕਰ ਲੈਣ । ਇਹ
ਭੀ ਇੰਗਲੈਂਡ ਨੂੰ ਨਹੀਂ ਭੁਲੌਣਾ ਚਾਹੀਦਾ ਕਿ
ਜੇ ਅੰਗਰੇਜਾਂ ਦੀ ਤੇ ਯੂਨਾਇਟਿਡ ਸਟੇਟਸ
ਦੀ ਲੜਾਈ ਹੋਪਈ ਤਾਂ ਅਸਟਰੇਲੀਆ ਵਾ
ਲੇ ਅਪਣੇ ਘਾਟਾਂ ਪੁਰ ਅੰਗਰੇਜਾਂ ਨੂੰ ਨਹੀਂ ਬ
ੜਨ ਦੇਣਗੇ ਇਹ ਅਸਟਰੇਲੀਆ ਦੀ ਪਕੀ
ਚਾਲ ਹੈ ਕਿ ਅੰਗਰੇਜਾਂ ਤੇ ਮਿਤਕਣੀਆਂ ਦੀ
ਲੜਾਈ ਵੇਲੇ ਅੰਗਰੇਜਾਂ ਨਾਲ ਨਹੀਂ ਲੜਣਾ॥
ਹਿੰਦੁਸਤਾਨੀ ਇਸ ਉਪਰ ਦੇ ਇਕ ਅੰਗਰੇਜ
ਦੇ ਲੇਖ ਨੂੰ ਚੰਗੀ ਤਰਾਂ ਵਚਾਰਨ ਕਿ ਅਸਟ
ਰੇਲੀਆ ਭਾਵੇਂ ਅੰਗਰੇਜੀ ਬਸਤੀ ਹੈ ਤੇ ਅਪ
ਨੇ ਰਾਜ ਦੇ ਉਸ ਨੂੰ ਪੂਰੇ ਹਕ ਹਨ ਪਰ ਅੰਗਰੇ
ਜਾਂ ਨੂੰ ਪਕਾ ਭਰਮ ਹੈ ਕਿ ਉਹ ਸਾਤੋਂ ਯੂਨਾ
ਈਟਿਡ ਸਟੇਟਸ ਵਾਂਗਰ ਜੁਦਾ ਤੇ ਆਜਾਦ
ਹੋਜਾਏਗਾ ਤੇ ਉਸ ਦਾ ਭੀ ਇਸ ਹਸਾਬ ਪ
ਕਾ ਇਰਾਦਾ ਜਾਪਦਾ ਹੈ ਕਿਥੇ ਹਿੰਦੁਸਤਾਨੀ
ਹਨ ਜਿਨਾਂ ਨੂੰ ਅਪਣੇ ਦੇਸ ਵਿਚ ਵੋਟ ਤਕ
ਦਾ ਹਕ ਨਹੀਂ ਹੈ ਤੇ ਪ੍ਰਦੇਸਾਂ ਵਿਚ ਹਰ ਜ
ਗਾ ਰੁਲ ਰਹੇ ਹਨ ਕੋਈ ਬਾਤ ਤਕ ਨਹੀਂ ਪੁ
ਛਦਾ ਅਸਟਰੇਲੀਆ ਤੋਂ ਇੰਗਲੈਂਡ ਜੁਦੇ ਹੋ
ਜਾਣਦਾ ਭਰਮ ਰਖਦੀ ਹੈ ਪਰ ਇੰਡੀਆ ਨੂੰ
ਅਪਣੇ ਰਾਜ ਪ੍ਰਬੰਧ ਦੇ ਭੀ ਅਖਤਿਆਰ ਤਕ
ਨਹੀਂ ਹਨ ਸਮੇਂ ਦੀ ਚਾਲ ਦਸ ਰਹੀ ਹੈ
ਕਿ ਹਿੰਦੁਸਤਾਨੀ ਸਵੈਰਾਜ ਬਿਨਾਂ ਬਚ ਨਹੀਂ
ਸਕਦੇ। ਹਿੰਦੁਸਤਾਨੀਆਂ ਦੀ ਦੁਨੀਆਂ ਵਿਚ
ਹੋਰਹੀ ਬੇਕਦਰੀ ਸਿਰਫ ਅਪਨੇ ਦੇਸ ਦੇ ਰਾ
ਜ ਪ੍ਰਬੰਧ ਵਿਚ ਉਨਾਂ ਦੀ ਕਮਜੋਰੀ ਦਾ ਸਬਬ
ਹੈ ਦੁਖੀ ਹਿੰਦੀਓ ! ਹਰ ਇਕ ਹਿੰਦੁਸਤਾਨੀ ਬ
ਚੇ ਦੇ ਦਿਲ ਵਿਚ ਭੀ ਸਵੈਰਾਜ ਦਾ ਸਚਾ ਧ
ਰਮ ਬਣਾਦਿਓ ਇਸ ਨਾਲ ਹੀ ਕੌਮ ਦਾ
ਨਿਸਤਾਰਾ ਹੈ।

## ਅਗਨੀ ਦੇ ਕਾਰੇ

੨੩ ਦਸੰਬਰ ਨੂੰ ਛਰਹ ਜਾਰਜ ਟੌਨ ਬ
ਰਿਟਛ ਗਾਇਨਾ ਵਿਚ ਜਿਥੇ ਹਜਾਰਾਂ ਹੀ ਹਿੰ
ਦੀ ਮਜਦੂਰ ਭੀ ਠੇਕੇ ਪੁਰ ਆਕੇ ਕਿਸਮਤ ਨੂੰ
ਰੋ ਰਹੇ ਹਨ ਅਗ ਲਗੀ ਛਹਰ ਦੇ ਵਡੇ ਹਿਸੇ ਦੇ
ਛੇ ਮਹਲੇ ਤੇ ਘਰ ਜਲਕੇ ਸੁਆਹ ਹੋਗਏ ੨੩
ਸਰੀਰ ਜਾਨ ਤੋਂ ਮਰੇ ਤੇ ਸਠ ਲਖ ਰੁਪਈਏ
ਦਾ ਨੁਕਸਾਨ ਸੁਣੀਦਾ ਹੈ

## ਚੀਨ ਦੇ ਟੋਟੇ

ਡਾਕਟਰ ਸਨ ਯਤ ਸੇਨ ਦੀ ਪਾਰਟੀ ਨੇ
ਚੀਨੀ ਕੌਮ ਦੀ ਆਜਾਦੀ ਨੂੰ ਸਿਰਾਂ ਦੇ ਬਰਾ
ਬਰ ਮੁਲ ਲਣ ਲਈ ਭੀ ਅੰਤ ਤਕ ਜਤਨ
ਕੀਤਾ ਪਰ ਯੂਅਨਛੀ ਕਾਈ ਉਨਾਂ ਨੌਜਵਾਨਾਂ
ਨੂੰ ਅਪਨੀ ਤਲਵਾਰ ਦੇ ਜੋਰ ਨਾਲ ਪੀਹ ਸਿ
ਟਨ ਵਿਚ ਕਾਮਯਾਬ ਹੋਇਆ ਹੈ ਪਾਰਲੀ
ਮੈਂਟ ਦੇ ਮੈਂਬਰ ਜਬਰਨ ਕਢੇ ਗਏ ਤੇ ਅਜ ਯੂ
ਅਨਛੀ ਕਾਈ ੪੦ ਕਰੋੜ ਚੀਨੀ ਕੌਮ ਦੀ ਕਿ
ਸਮਤ ਦਾ ਫੈਸਲਾ ਅਪਨੀ ਮਰਜੀ ਅਨੁਸਾਰ
ਦੇ ਰਿਹਾ ਹੈ ਚੀਨ ਦੀ ਜਿਸ ਖੁਰਦ ਬੁਰਦ ਦੀ
ਆਂ ਅਵਾਈਆਂ ਚਿਰਾਂ ਤੋਂ ਹੋਰਹੀਆਂ ਸਨ
ਜਿਸ ਨੂੰ ਹੁਣ ਤਾਈਂ ਡਾਕਟਰ ਸਨ ਦੇ ਧੜੇ
ਦੇ ਬੀਰਾਂ ਨੇ ਮੈਦਾਨ ਵਿਚ ਲੜਕੇ ਤੇ ਪਾਰ
ਲੀਮੈਂਟ ਵਿਚ ਝਗੜਕੇ ਨਹੀਂ ਹੋਣ ਦਿਤਾ ਸੀ
ਹੁਣ ਯੂਅਨਛੀ ਕਾਈ ਦੀ ਮਰਜੀ ਨਾਲ ਹੋਣ
ਲਗ ਪਈ ਹੈ ਪਹਲੀ ਨਵੰਬਰ ੧੯੧੩ ਨੂੰ
ਰੂਸ ਤੇ ਚੀਨ ਦੇ ਵਿਚਕਾਰ ਦੀ ਚਿਠੀ ਪਤ੍ਰ
ਦਾ ਅੰਤ ਹੋਇਆ ਤੇ ਚੀਨ ਨੇ ਮੰਗੋਲੀਆ
ਦਾ ਸਾਰਾ ਬਾਹਰਲਾ ਹਿਸਾ ਰੂਸ ਨੂੰ ਦੇ ਦਿ
ਤਾ ਹੈ ਇਹ ਹਿਸਾ ਦੋ ਹਜਾਰ ਮੀਲ ਲੰਬਾ ਹੈ
ਰੂਸੀਆਂ ਨੇ ਇਸ ਮੁਲਕ ਵਿਚ ਅਪਨੀ ਆ
ਬਾਦੀ ਛੁਰੂ ਕਰ ਦਿਤੀ ਹੈ ਇਸ ਹਸਾਬ ਰੂਸਦੇ
ਮੰਗੋਲੀਏ ਨੂੰ ਸਾਂਭ ਦੇ ਸਾਰ ਅੰਗਰੇਜ ਜਰੂਰ
ਤਿਬਤ ਪੁਰ ਕਬਜਾ ਕਰਨ ਲਈ ਜੋਰ ਦੇਣਗੇ
ਜਿਸ ਦੀ ਬਾਬਤ ਚੀਨੀ ਤੇ ਅੰਗਰੇਜੀ ਕੌਂਸਲਾਂ
ਦੇ ਵਿਚਕਾਰ ਚਿਠੀ ਪਤ੍ਰ ਹੋਰਿਹਾ ਹੈ।
ਯੂਅਨਛੀ ਕਾਈ ਅਪਨੀ ਮਰਜੀ ਅਨੁਸਾਰ
ਕਰਜੇ ਲੈ ਰਿਹਾ ਹੈ ਤਨ ਕਰੋੜ ਡਾਲਰ ਪਿਛ
ਲੇ ਮਹੀਨੇ ਫਰਾਂਸ ਤੋਂ ਲਿਆ ਹੈ ਤੇ ਰੂਸੀ ਜਰ
ਮਨ ਤੇ ਜਾਪਾਨੀਆਂ ਨੂੰ ਚੀਨ ਵਿਚ ਬਹੁਤ ਰਿ
ਐਤਾਂ ਦਿਤੀਆਂ ਹਨ ਖਿਆਲ ਹੈ ਕਿ ਮੰਗੋ
ਲੀਏ ਨੂੰ ਲੈਕੇ ਰੂਸ ਨੇ ਦਖਣੀ ਮਨਚੋਰੀਆ
ਵਿਚ ਰੇਲ ਬਨੌਣ ਦੇ ਹਕ ਨੂੰ ਪਕਾ ਕਰਨ ਲ
ਈ ਭੀ ਜੋਰ ਦਿਤਾ ਹੋਇਆ ਹੈ ਜਿਹੜੀ ਰੇਲ
ਕਿ ਰੂਸੀ ਪੈਸੇ ਨਾਲ ਰੂਸੀ ਹੀ ਅੰਨਜੀਅਰ ਬ
ਨੌਣਗੇ ਤੇ ਰੂਸ ਦੀ ਰੇਲ ਨਾਲ ਮਿਲੇਗੀ ਜਾ
ਪਾਨੀਆਂ ਨੇ ਉਤਰ ਵਲ ਦੇ ਮੰਚੋਰੀਆ ਵਿਚ
ਅਪਣੀ ਰੇਲ ਬਨੌਣ ਦਾ ਹਕ ਚੀਨ ਤੋਂ ਲੈ
ਲਿਆ ਹੈ।

### ਜਰਮਨੀ ਦੀ ਰੇਲ

ਹੁਣੇ ਹੀ ਚੀਨ ਦੀ ਸਰਕਾਰ ਨੇ ਜਰਮ
ਨਾਂ ਨੂੰ ਚੀਨ ਵਿਚ ਦੋ ਰੇਲ ਦੀਆਂ ਲਾਇਨਾਂ
ਬਨੌਣ ਲਈ ਠੇਕੇ ਦਿਤੇ ਹਨ ਪਹਲੀ ਲਾਇਨ
ਕਾਓਮੀ ਤੋਂ ਤੁਰਕੇ ਮੀਚਵੰਚ ਤਕ ਜਾਵੇਗੀ ਤੇ
ਦੂਜੀ ਛਾਟਿੰਗ ਰੇਲ ਨੂੰ ਵਧਾਵੇਗੀ ਇਨਾਂ ਦੋ
ਨਾਂ ਸੜਕਾਂ ਪੁਰ ਛੇ ਕਰੋੜ ਰੁਪਈਆ ਲਗੇ
ਗਾ ਜਰਮਨ ਅੰਜਨੀਅਰ ਹੀ ਇਨਾਂ ਨੂੰ ਬਨੌ
ਗੇ ਤੇ ਸਭ ਚੀਜਾਂ ਤੇ ਸਾਮਾਨ ਜਰਮਨੀ ਤੋਂ ਹੀ
ਆਏਗਾ॥

# ਹਾਲਾ ਦੇਣ ਤੋਂ ਨਾਂਹ

ਡਾਕਟਰ ਐਨਾ ਹਾਊਵਰਡ ਛਾ ਨੇ ਜੋ
ਕਿ ਨਿਊਯਾਰਕ ਦੀ ਵੋਟ ਮੰਗਣ ਵਾਲੀਆਂ
ਔਰਤਾਂ ਦੀ ਸਭਾ ਦੀ ਪ੍ਰੇਜ਼ੀਡੰਟ ਹੈ ੨੩ ਦਸੰਬ
ਰ ਨੂੰ ਹਾਲਾ ਦੇਣ ਤੋਂ ਨਾਂਹ ਕੀਤੀ ਹੈ ਤੇ ਕਿਹਾ
ਹੈ ਕਿ ਮੈਂ ਕਾਨੂਨੀ ਲੜਾਈ ਲੜਾਂਗੀ ਪਿਛੇ
ਜਿਹੇ ਜਦ ਉਸ ਨੂੰ ਆਪਣੀ ਆਮਦਨੀ ਲਿਖ
ਦੇਣਲਈ ਅਫਸਰਾਂ ਨੇ ਕਾਗਜ ਦਿਤਾ ਤਾਂ ਉ
ਸਨੇ ਉਸਪਰ ਅਗੋਂ ਖੁਲਮਖੁਲਾ ਇਹ ਅਸੂਲ
ਲਿਖ ਦਿਤਾ ਕਿ ਜਿਸ ਨੂੰ ਵੋਟ ਦਾ ਹਕ ਨਾਂ
ਹੋਵੇ ਉਹ ਟੈਕਸ ਨਹੀਂ ਭਰ ਸਕਦਾ ॥

ਹਿੰਦੁਸਤਾਨੀ ਅੰਗਰੇਜ਼ੀ ਪਰਜਾ ਹਨ ਅੰਗਰੇ
ਜੀ ਹਦ ਕਨੇਡਾ ਵਿਚ ਉਨਾਂ ਤੋਂ ਹਜਾਰਾਂ ਡਾ
ਲਰ ਟੈਕਸ ਲਿਆ ਜਾਂਦਾ ਹੈ ਕਾਨੂਨ ਕਹਿੰ
ਦਾ ਹੈ ਕਿ ਜੋ ਆਦਮੀ ਅੰਗਰੇਜ਼ੀ ਪਰਜਾ
ਹੋਵੇ ਉਹ ਵੋਟ ਦੇ ਸਕਦਾ ਹੈ ਪਰ ਧਕੇ ਬਾਜੀ
ਨਾਲ ਇਨਾਂ ਤੋਂ ਟੈਕਸ ਤਾਂ ਲਿਆ ਜਾਂਦਾ ਹੈ
ਪਰ ਵੋਟ ਤੋਂ ਨਾਂਹ ਹੈ ਅਮਰੀਕਾ ਦੀਆਂ ਤੀ
ਵੀਆਂ ਤਕ ਜਦ ਤਕ ਵੋਟ ਦਾ ਹਕ ਨਾਂ ਮਿ
ਲੇ ਉਦ ਤਾਈਂ ਹਾਲੇ ਭਰਨ ਤੋਂ ਨਾਂਹ ਕਰਦੀ
ਆਂ ਹਨ ਪਰ ਕਨੇਡਾ ਦੇ ਹਿੰਦੁਸਤਾਨੀ ਘਰੀਂ
ਬੈਠੇ ਅਗਾਂ ਸੇਕਦੇ ਤੇ ਗਪਾਂ ਵਿਚ ਵਕਤ ਬ
ਤੀਤ ਕਰਦੇ ਹਨ ਅਪਣੇ ਦਬਾ ਹੋਰਹੇ ਹਕਾਂ
ਨੂੰ ਬਚੌਣ ਲਈ ਜੇ ਇਹ ਤੀਵੀਆਂ ਜਿਤਨਾਂ
ਭੀ ਉਪਾਓ ਨਾਂ ਕਰਨ ਤਾਂ ਇਨਾਂ ਮਰਦਾਂ ਦੇ
ਹਕ ਕਿਹੜਾ ਫਰਿਸ਼ਤਾ ਅਸਮਾਨ ਤੋਂ ਉਤਰ
ਕੇ ਬਚਾਵੇਗਾ ॥

ਗਾਫਲ ਭਰਾਵੋ ! ਕਨੇਡਾ ਦਾ ਕਾਨੂਨ ਭੀ ਕ
ਹਿੰਦਾ ਹੈ ਕਿ ਜਿਸ ਨੂੰ ਵੋਟ ਦਾ ਹਕ ਨਹੀਂ
ਉਸ ਤੋਂ ਸਰਕਾਰ ਹਾਲਾ ਭੀ ਨਹੀਂ ਲੈ ਸਕਦੀ
ਸਰਕਾਰ ਨੂੰ ਹਾਲਾ ਉਹ ਹੀ ਦਿੰਦਾ ਹੈ ਜਿਸ
ਨੂੰ ਵੋਟ ਮਿਲੇ ਜਿਸ ਤਰਾਂ ਪਿਛਲਾ ਸਿਧੇ ਟਿਕ
ਟ ਦਾ ਝੂਠਾ ਕਾਨੂਨ ਜਜਨੇ ਰਦੀ ਦਸਿਆ
ਹੈ ਜੇ ਅਸੀਂ ਪਹਲਾਂ ਨਾਂ ਸੁਤੇ ਰਹਿੰਦੇ ਤਾਂ ਅਗੇ
ਭੀ ਇਹ ਝੂਠ ਇਸੇ ਤਰਾਂ ਉਖੜ ਪਿਣਾ ਸੀ ਹੁ
ਣ ਆਪ ਵੋਟ ਦੀ ਬਾਬਤ ਭੀ ਜਥੇਬੰਦੀ ਕਰ
ਕੇ ਜਿਸ ਤਰਾਂ ਨੀਊਯਾਰਕ ਦੀ ਤੀਵੀਂ ਲੜ
ਦੀ ਹੈ ਹਿੰਮਤ ਕਰੋ ਸਾਡੀਆਂ ਜ਼ਮੀਨਾਂ ਦੇ ਹ
ਜਾਰਾਂ ਡਾਲਰ ਟੈਕਸ ਸਰਕਾਰ ਨੂੰ ਜਾਂਦਾ
ਹੈ ਸਰਕਾਰ ਜੇ ਸਾਨੂੰ ਵੋਟ ਦਾ ਹਕ ਨਹੀਂ ਦੇ
ਵੇਗੀ ਤਾਂ ਸਾਤੇ ਮਾਮਲਾ ਭੀ ਜਬਰਨ ਨਹੀਂ
ਲੈ ਸਕਦੀ ਸਚ ਹਰ ਦਮ ਸਾਡੇ ਨਾਲ ਹੈ ਧਰ
ਮ ਦੀ ਲੜਾਈ ਇਸਦਾ ਹੀ ਨਾਮ ਹੈ ਤੇ ਲੋੜ
ਇਸ ਗਲ ਦੀ ਹੈ ਕਿ ਅਸੀਂ ਭੀ ਨੀਊਯਾਰਕ
ਦੀ ਡਾਕਟਰ ਐਨਾ ਛਾ ਵਾਂਗਰ ਕਠੇ ਹੋਕੇ
ਇਕ ਸਲਾਹ ਹੋਕੇ ਉਦਮ ਕਰੀਏ ਤੇ ਇਕ ਜ
ਥਾ ਜਿਸ ਵਿਚ ਜ਼ਮੀਨਾਂ ਦੇ ਮਾਲਕ ਟੈਕਸ ਭ
ਰਨ ਵਾਲੇ ਭਰਾ ਹੋਣ ਇਸ ਕਾਨੂਨ ਦੀ ਲ
ੜਾਈ ਦਾ ਪ੍ਰਣ ਧਾਰਕੇ ਨਿਤਰ ਪਵੇ ।

# ਲਾਰਕਨ ਔਂਦਾ ਹੈ

ਡਬਲਨ ਦੀ ਤਾਰਖਬਰ ਹੈ ਕਿ ਜੇਮਜ ਲਾਰ
ਕਨ ਇੰਗਲੈਂਡ ਦੇ ਮਜਦੂਰਾਂ ਦਾ ਮਸ਼ਹੂਰ
ਆਗੂ ਜਿਸ ਨੂੰ ਪਿਛੇ ਜਿਹੇ ਗਵਰਨਮਿੰਟ ਨੇ ੭
ਮਹੀਨੇ ਦੀ ਕੈਦ ਕਰਕੇ ਝਟ ਹੀ ਛਡ ਦਿਤਾਸੀ
ਅਗਲੇ ਹਫਤੇ ਯੂਨਾਈਟਿਡ ਸਟੇਟਸ ਅਮਰੀ
ਕਾ ਨੂੰ ਤੁਰਨ ਵਾਲਾ ਹੈ ਲਾਰਕਨ ਨੂੰ ਪੁਛਿ
ਆ ਕਿ ਤੈਨੂੰ ਛਿਦ ਅਮਰੀਕਾ ਵਾਲੇ ਅਪਣੇ
ਦੇਸ ਵਿਚ ਨਾਂ ਵੜਨ ਦੇਣ ਤਾਂ ਉਸ ਨੇ ਉਤਰ
ਦਿਤਾ ਕਿ ਜੇ ਮੈਂ ਯੂਨਾਇਟਿਡ ਸਟੇਟਸ ਦੇ ਅੰ
ਦਰ ਜਾਣਾ ਚਾਹੁੰਦਾ ਹਾਂ ਤਾਂ ਕੁਲ ਗਵਰਨ
ਮਿੰਟਾਂ ਜਿਨਾਂ ਦਾ ਤੁਸੀਂ ਨਾਮ ਤਕ ਭੀ ਸੁਣਿ
ਆ ਹੈ ਨਹੀਂ ਰੋਕ ਸਕਦੀਆਂ ॥

ਕੌਮੀ ਆਜਾਦੀ ਦੀ ਇਹ ਮੜਕ ਹੈ ਕਿ ਦੂਜੇ
ਦੇਸ ਵਿਚ ਜਾਣ ਲਗਾ ਭੀ ਲਾਰਕਨ ਕੁਲ
ਗਵਰਨਮਿੰਟਾਂ ਨੂੰ ਰੋਕਣ ਲਈ ਵੰਗਾਰਦਾ ਹੈ
ਕਿਥੇ ਗੁਲਾਮ ਹਿੰਦੁਸਤਾਨੀ ਹਨ ਜਿਨਾਂ ਦੇ ਜੁ
ਆਨਾਂ ਨੂੰ ਜਜ ਦਾ ਹੁਕਮ ਪਰੇ ਸਿਟਕੇ ਅੰਗ
ਰੇਜ਼ੀ ਹਦਦੇ ਵਿਚੋ ਹੀ ਜਬਰਨ ਦੇਸ ਨਕਾਲਾ
ਦਿਤਾ ਜਾਂਦਾਹੈ ॥

# ਅਸਟਰੇਲੀਆ ਤੇ ਕੁਪਾਹ

ਅਸਟਰੇਲੀਆ ਵਿਚ ਪਿਛੇ ਜਿਹੇ ਡੋਮੀ
ਨੀਅਨ ਰਾਯਲ ਕੁਮੀਸ਼ਨ ਇਸ ਗਲ ਦੀ ਖੋ
ਜ ਭਾਲ ਕਰਦਾ ਸੀ ਕਿ ਅਸਟਰੇਲੀਆ ਵਿ
ਚ ਕੁਪਾਹ ਉਗ ਸਕਦੀ ਹੈ ਕਿ ਨਹੀਂ ਜਿਸਦਾ
ਤਤ ਇਹ ਨਿਕਲਿਆ ਹੈ ਕਿ ਉਤਰੀ ਅਸਟ
ਰੇਲੀਆ ਵਿਚ ਚੰਗੀ ਕੁਪਾਹ ਹੋਸਕਦੀ ਹੈ
ਤਿਨ ਸਾਲ ਲਈ ਕੁਪਾਹ ਉਗਾਕੇ ਪਰਤਾ
ਵਾ ਕਰਨ ਦਾ ਫੈਸਲਾ ਕੀਤਾ ਗਿਆ ਹੈ ਜਿ
ਸ ਲਈ ਇਕ ਬੜੀ ਰਕਮ ਮਨਜ਼ੂਰ ਕੀਤੀ ਗ
ਈ ਹੈ ਤੇ ਇੰਗਲੈਂਡ ਦੀ ਕੁਪਾਹ ਦੇ ਵਾਧੇ ਦੀ
ਸਭਾ ਨੇ ਤਿਨ ਸਾਲ ਤਾਈਂ ਅਸਟਰੇਲੀਏ ਪੈ
ਦਾ ਹੁਈ ਸਭ ਕੁਪਾਹ ਇਕ ਮਹਿੰਗੇ ਮੁਲ ਪੁਰ
ਖਰੀਦਣ ਦਾ ਇਕਰਾਰ ਕੀਤਾ ਹੈ ਤੇ ਅਗੇ ਨੂੰ
ਭੀ ਇਸ ਕੁਪਾਹ ਦੀ ਬਿਕਰੀ ਵਿਚ ਮਦਤ ਕ
ਰਨ ਦਾ ਭਰੋਸਾ ਦਿਤਾ ਹੈ ਇਸ ਤੋਂ ਸਾਫ ਪਰ
ਤੀਤ ਹੁੰਦਾ ਹੈ ਕਿ ਅੰਗਰੇਜ ਕੁਪਾਹ ਤੋਂ ਬੇਹਦ
ਫੈਦਾ ਖਟਨ ਕਰਕੇ ਉਸ ਦੀ ਪੈਦਾਵਾਰ ਲਈ
ਕਿਸ ਤਰਾਂ ਜਤਨ ਕਰਦੇ ਹਨ ਇੰਡੀਆ ਵਿ
ਚ ਬੇਅੰਤ ਕੁਪਾਹ ਹੁੰਦੀ ਹੈ ਪਰ ਬਦਕਿਸਮਤ
ਵਸਨੀਕ ਲੰਗੋਟੀਆਂ ਦੀਆਂ ਲੀਰਾਂਨਾਲ ਪ
ਰਦਾ ਕਜਦੇ ਹਨ ਇਹ ਗਰੀਬ ਹੋਰ ਕੀ ਕ
ਰਨ ਕੁਪਾਹ ਤਾਂ ਮਸੀਂ ਹਾਲਾ ਪੂਰਾ ਕਰਦੀ
ਹੈ ਤੇ ਉਸਦੇ ਬਦਲੇ ਲੰਕਾਸ਼ਾਇਰ ਦੇ ਕਾਰ
ਖਾਨਿਆਂ ਵਿਚ ਜਾਕੇ ਮਲਮਲਾਂ ਬਣਦੀ ਹੈ
ਜੇ ਕੁਪਾਹ ਨਾਲ ਹਿੰਦ ਵਿਚ ਕਪੜਾ ਬੁਣਿ
ਆਂ ਜਾਏ ਤਾਂ ਸਰਕਾਰ ਸਗੋਂ ਉਲਟਾ ਟੈਕਸ
ਲੈਂਦੀ ਹੈ ਇਹ ਹਨੇਰ ਕਦੀਂ ਨਹੀਂ ਸੁਣਿਆਂ
ਕਿ ਇਕ ਮੁਲਕ ਵਿਚ ਬਣੀ ਹੁਈ ਚੀਜ਼ ਪੁਰ
ਟੈਕਸ ਲਗਾਇਆ ਜਾਵੇ ਇਹ ਅੰਧਾ ਧੁੰਧ
ਦਾ ਘਰ ਅਜ ਕਲ ਹਿੰਦੁਸਤਾਨ ਹੈ ਹੋਰ ਮੁ
ਲਕ ਤਾਂ ਬਾਹਰੋ ਆਈ ਚੀਜਾਂ ਤੇ ਟੈਕਸ ਲ
ਗਾਂਦੇ ਹਨ ਹਿੰਦੁਸਤਾਨੀਓ ! ਤੁਹਾਡੇ ਪਾਸ ਸ
ਭ ਪਦਾਰਥ ਹਨ ਉਠੋ ਜਾਗਕੇ ਅਪਣਾ ਘਰ
ਸੰਭਾਲੋ ਤੇ ਜਥੇ ਬੰਦੀਆਂ ਕਰਕੇ ਅਪਣੇ ਬਚੇ
ਦੂਜੇ ਦੇਸਾਂ ਵਿਚ ਪੜਨੇ ਘਲਕੇ ਅਪਣੇ ਦੇਸ
ਵਿਚ ਕਾਰਾਗਰੀ ਤੇ ਬੁਪਾਰ ਅਪਨੇ ਹਥਾਂ
ਵਿਚ ਵਧੌਣ ਦਾ ਜਤਨ ਕਰੋ ।

# ਮਕਸੀਕੋ ਵਿਚ ਰੌਲਾ

ਮਕਸੀਕੋ ਵਿਚ ਘਰੋਕੀ ਲੜਾਈ ਹੋ ਰ
ਹੀ ਹੈ ਤੇ ਇਸ ਝਗੜੇ ਤੇ ਕਟਾਵਢੀ ਨੇ ਦੇਸ
ਤੇ ਕੌਮਦਾ ਨਾਸਕਰਛਡਿਆਹੈ ਪ੍ਰੇਜ਼ੀਡੰਟ ਵੂਰ
ਟਾ ਨੂੰਅਮਰੀਕਨ ਸਰਕਾਰ ਪ੍ਰਜ਼ੀਡੰਟੀ ਤੋਂ ਹਟ
ਜਾਣ ਲਈਬਹੁਤ ਜੋਰ ਨਾਲਕਹ ਚੁਕੀਹੈ ਤੇ ਦੂ
ਜੇ ਪਾਸੇ ਅੰਗਰੇਜਾਂ ਨੇ ਪਰੈਜ਼ੀਡੰਟ ਵੂਰਟਾ ਨੂੰ
ਪਰੈਜ਼ੀਡੰਟ ਮਨ ਲਿਆ ਹੈ ਇਸ ਸਾਰੇ ਘਸ
ਮਾਣ ਦੀ ਜੜ ਬੁਪਾਰ ਤੇ ਠੇਕਿਆਂ ਦੇ ਮਾਮ
ਲੇ ਦਸੇ ਜਾਂਦੇ ਹਨ ਅਸਲ ਲੜਾਈ ਅਮਰੀ
ਕਾ ਦੀ ਸਟੈਂਡਰਡ ਆਇਲ ਕਪਨੀ ਤੇ ਇੰਗ
ਲੈਂਡ ਦੀ ਪੀਅਰਸਨ ਕੰਪਨੀ ਦੀ ਦਸੀ ਗਈ
ਹੈ ਅਰਥਾਤ ਇਕ ਪਾਸੇ ਸਟੈਂਡਰਡ ਆਇਲ
ਕੰਪਨੀ ਵਾਲੇ ਮਕਸੀਕੋ ਦੇ ਵਿਚ ਨਿਕਲਦੇ
ਮਿਟੀ ਦੇ ਤੇਲ ਨੂੰ ਸਾਂਭਣਾ ਚਾਹੁੰਦੇ ਨਨ ਤੇ ਦੂ
ਏ ਪਾਸੇ ਅੰਗਰੇਜ਼ੀ ਕੰਪਨੀ ਪੀਅਪਸਨ ਭੀ
ਇਹ ਹੀ ਤੇਲ ਦੇ ਠੇਕੇ ਆਪ ਲੈਣਾ ਚਾਹੁੰਦੀ
ਹੈ ਮਕਸੀਕਨ ਭੀ ਇੰਡੀਆ ਦੇ ਹਿੰਦੂ ਮੁਸਲਮਾ
ਨਾਂ ਵਾਂਗਰ ਦੋਹਾਂ ਦੇ ਹਥ ਵਿਚ ਖੇਲਣਾ ਬਣ
ਕੇ ਅਪਣੇ ਦੇਸ ਦਾ ਨਾਸ ਕਰ ਰਹੇ ਹਨ ੩੦ ਦ
ਸੰਬਰ ਦੀ ਤਾਰ ਖਬਰ ਹੈ ਕਿ ਲਾਰਡ ਕਾਓਡ
ਰੇ ਪੀਅਰਸਨ ਕੰਪਨੀ ਦੇ ਸਰਦਾਰ ਨੇ ਵੂਰ
ਟਾ ਨੂੰ ਲੜਾਈ ਲਈ ਸਵਾ ਕਰੋੜ ਡਾਲਰ
ਉਧਾਰ ਦਿਤਾ ਹੈ ਇਹ ਕਰਜਾ ਉਨਾਂ ਹੋਰ ਰਿ
ਐਤਾਂ ਲਈ ਹੈ ਜੋ ਵੂਰਟਾ ਦੀ ਸਰਕਾਰ ਪੀ
ਆਰਸਨ ਕੰਪਨੀ ਨਾਲ ਮਕਸੀਕੋ ਵਿਚ ਤੇ
ਲ ਕਢਣ ਲਈ ਕਰੇਗੀ ਇਸ ਤੋਂ ਅੰਦਾਜ਼ਾ
ਲਗ ਸਕਦਾ ਹੈ ਕਿ ਇਸ ਲੜਾਈ ਦੀ ਤਹ
ਵਿਚ ਅਸਲ ਕੀ ਭੇਤ ਹੈ ਅੰਗਰੇਜ਼ੀ ਪੀਅਰ
ਸਨ ਕੰਪਨੀ ਦਾ ਮਕਸੀਕੋ ਵਿਚ ਬਹੁਤ ਜੋਰ
ਹੈ ਲਾਰਡ ਕਾਓਡਰੇ ਨੇ ਜਦ ਡਾਇਆਜ ਮਕ
ਸੀਕੋ ਦਾ ਪਰੈਜ਼ੀਡੰਟ ਸੀ ਤਾਂ ਉਥੇ ਬਹੁਤ ਧ
ਨ ਖਟਿਆ ਹੈ ਮਕਸੀਕੋ ਵਿਚ ਬਹੁਤ ਸਾਰੀ
ਆਂ ਅਮਾਰਤਾਂ ਪੀਅਰਸਨ ਕੰਪਨੀ ਨੇ ਬਣਾ
ਈਆਂ ਇਸ ਕੰਪਨੀ ਦੇ ਮਿਟੀਦੇ ਤੇਲ ਦੇ ਬਹੁ
ਤ ਸਾਰੇ ਖੂਹ ਹਨ ਵੇਰਾ ਕਰੂਜ ਮਕਸੀਕੋ ਦੇ
ਜਹਾਜੀ ਘਾਟ ਬਣੌਣ ਦਾ ਪਜਾਹ ਲਖ ਡਾ
ਲਰ ਦਾ ਠੇਕਾਇਸ ਕੰਪਨੀ ਦੇ ਪਾਸ ਸੀ ਤੇ
ਹੋਰ ਨਹਰ ਦਾ ਡੂਢ ਕਰੋੜ ਡਾਲਰਦਾ ਠੇਕਾ
ਭੀ ਇਸ ਬੜੀ ਅੰਗਰੇਜ਼ੀ ਕੰਪਨੀ ਨੇਹੀ ਪੂਰਾ
ਕੀਤਾ ਹੈ ਮਕਸੀਕੋ ਵਿਚ ਧੁਰਾਰੂ
ਰੇਲ ਭੀ ਪੀਆਰਸਨ ਕੰਪਨੀ ਨੇ ਹੀ
ਠੇਕੇ ਪੁਰ ਬਣਾਕੇ ਦਿਤੀ ਹੈ ਇਸ ਤਰਾਂ ਇਸ
ਅੰਗਰੇਜ਼ੀ ਕੰਪਨੀ ਦਾ ਮਕਸੀਕੋ ਵਿਚ ਬਹੁਤ
ਠੇਕੇ ਮਿਲਨ ਨਾਲ ਬਹੁਤ ਪਸਾਰਾ ਪਸਰ
ਗਿਆ ਹੈ ਤੇ ਜੋਰ ਹੋਗਿਆ ਹੈ ਦੂਏ ਪਾਸੇ ਅ
ਮਰੀਕਾ ਵਾਲੇ ਜੋ ਮਕਸੀਕੋ ਦੇ ਗੁਆਂਢੀ ਹ
ਨ ਤੇ ਉਨਾਂ ਦੀ ਸਟੈਂਡਰਡ ਆਇਲ ਕੰਪਨੀ
ਦਾ ਭੀ ਮਕਸੀਕੋ ਵਿਚ ਬਹੁਤ ਕੰਮ ਪਸਰਿਆ
ਹੋਇਆ ਹੈ ਉਹ ਭੀ ਮਕਸੀਕੋ ਦੇ ਤੇਲ ਨੂੰ ਲੇ
ਣਾ ਚਾਹੁੰਦੇ ਹਨ ਸੋ ਇਨਾਂ ਠੇਕਿਆਂ ਤੇ ਤੇਲ
ਦੀ ਜੜਪੁਰ ਮਕਸੀਕੋ ਵਾਲੇ ਆਪਸ ਵਿਚ ਫ
ਸਰਹੇ ਹਨ ਗ ਰਿਹ ਮਕਸੀ ਕੋ ਵਾਲਿਆਂ ਪੁਰ
ਇਹ ਅਖਾਣ ਠੀਕ ਘਟ ਦਾ ਹੈ
ਜੋਗੀ ਜੋਗੀ ਲੜਨ ਤੇ ਖਪਰਾਂ ਦਾ ਨੁਕਸਾਸ

# ਸਾਡੇ ਪੁਰ ਦੂਜਾ ਮੁਕਦਮਾ

ਅਕਾਲ ਪੁਰਖ ਦਾ ਕੋਟਾਨ ਕੋਟ ਛੁਕ
ਰ ਹੈ ਜਿਸ ਦੀ ਅਪਾਰ ਕ੍ਰਿਪਾ ਨਾਲ ਸੰਸਾਰ
ਅਪਨੇ ਜਨਮ ਦੇ ਦਿਨ ਤੋਂ ਹੀ ਲਗਾਤਾਰ ਸੇ
ਵਾ ਕਰ ਰਿਹਾ ਹੈ ਤੇ ਇਕ ਬਾਰ ਭੀ ਵੇਲੇ ਤੋਂ
ਨਹੀਂ ਪਛੜਿਆ ਉਹ ਹੀ ਕ੍ਰਿਪਾਲੂ ਪਿਤਾ
ਜਿਥੇ ਇਕ ਪਾਸੇ ਦਾਸਾਂ ਨੂੰ ਸੇਵਾ ਦੀ ਦਾਤ
ਬਖਛਦਾ ਹੈ ਨਾਲ ੨ ਪ੍ਰੀਖਿਆ ਲਈ ਭੀ ਕ
ਰੜੇ ਪਰਤਾਵੇ ਕਰਦਾ ਰਿਹਾ ਹੈ ਜੋ ਹੁਣਤਕ
ਹੋਇਆ ਹੈ ਇਹ ਦਿਆਲੂ ਸਿਰਜਨਹਾਰ ਦੀ
ਓਟ ਨਾਲ ਸੀ ਤੇ ਅਗੇ ਨੂੰ ਭੀ ਸਾਡਾ ਨਤਾਣਿ
ਆਂ ਦਾ ਆਸਰਾ ਉਹ ਹੀ ਮਾਲਕ ਹੈ ਜਿਸ
ਦੀ ਇਹ ਸੇਵਾ ਹੈ ਛਾਪੇਖਾਨੇ ਦਾ ਬਨਣਾ ਤੇ ਫੇ
ਰ ਇਸ ਤਰਾਂ ਪਕਿਆਈ ਤਰੀਕੇ ਤੇ ਸਮੇ ਸਿ
ਰ ਚਲਦੇ ਰਹਨਾ ਇਹ ਬਹੁਤ ਭਰਾਵਾਂ ਲਈ
ਤਾਂ ਇਕ ਚਮਤਕਾਰਾ ਹੀ ਰਿਹਾ ਹੈ ਪਰ ਹੋਰ
ਲੋਕੀਂ ਨਿਗਰ ਕੰਮ ਉਸਾਰਦੇ ਹਨ ਪਰ ਅਫ
ਸੋਸ ਸਾਡੇ ਭਰਾ ਬਣੇ ਹੁਏ ਕੰਮ ਦਾ ਸਤਯਾਨਾ
ਸ ਕਰ ਰਹੇ ਹਨ ਇਹ ਕੌਮ ਦਾ ਮਾਲ ਸੀ ਕੌ
ਮਦੇ ਸਪੁਰਦ ਕਰ ਦਿਤਾ ਗਿਆ ਹੈ ਭਾਵੇਂ
ਸਾਨੂੰ ਸੇਵਾ ਤੋਂ ਬਿਨਾਂ ਕਿਸੇ ਕਜੀਏ ਜਾਂ ਮਾ
ਮਲੇ ਲਈ ਉਕਾ ਹੀ ਵਿਹਲ ਨਹੀਂ ਹੈ ਪਰ ਫੇ
ਰ ਭੀ ਦਾਸਾਂ ਪੁਰ ਇਕਦੋ ਕਰੜੇ ਤੇ ਨਕਾਰੇ ਵਾ
ਰ ਹੁਏ ਹਨ ਪਰ ਇਨਾਂ ਵਿਚ ਭੀ ਵਾਹਿਗੁਰੂ ਦਾ
ਛੁਕਰ ਹੈ ਇਹ ਸੇਵਾ ਜਰਾ ਕਠਨ ਹੀ ਹੈ ਕਿ
ਓਕਿ ਇਸ ਦੀ ਕਾਇਮੀ ਨੇਕ ਚਲਣੀ ਚੰ
ਗੀ ਨੀਅਤ ਕੁਰਬਾਨੀ ਤੇ ਔਖੇ ਜਿਹੇ ਸਿਰ
ੜ ਨਾਲ ਨਿਭਦੀ ਹੈ ਇਸ ਅਲੂਣੀ ਸਿਲਾ ਦੇ
ਚਟਨ ਲਈ ਭਾਈ ਲਾਲ ਸਿੰਘ ਚਾਈਂ ਚਾ
ਈਂ ਸਾਡੇ ਨਾਲ ਰਲ ਪਿਆ ਸੀ। ਅਖਬਾਰ
ਦੇ ਚਲੌਣ ਲਈ ਪੈਸੇ ਦੀ ਹਰ ਵੇਲੇ ਡਾਹਢੀ
ਲੋੜ ਹੈ ਜੁਲਾਈ ੧੯੧੩ ਵਿਚ ਇਸ ਸੇਵਾ ਨੂੰ
ਅਟਲ ਤੇ ਬੇਫਿਕਰ ਬਣਾ ਦੇਣ ਲਈ ਅਸੀਂ
ਲਾਲ ਸਿੰਘ ਨੂੰ ਗਾਈਆਂ ਲੈ ਦਿਤੀਆਂ ਤਾਂ
ਕਿ ਉਨਾਂ ਦੇ ਦੁਧ ਦੀ ਆਮਦਨੀ ਨਾਲ ਇਹ
ਸੇਵਾ ਥੋੜੀ ਬੇਫਿਕਰ ਰਿੜੀ ਚਲੇ ਪਰ ਅਜ
ਲਾਲ ਸਿੰਘ ਨੇ ਸਾਡੇ ਪੁਰ ਇਨਾਂ ਗਾਈਆਂ
ਬਾਬਤ ਕਚਹਰੀ ਵਿਚ ਮੁਕਦਮਾ ਕੀਤਾ ਹੈ
ਛਾਪੇਖਾਨਾ ਕੌਮ ਦਾ ਹੈ ਅਖਬਾਰ ਕੌਮ ਦੀ ਹੈ
ਸਾਡੇ ਪੁਰ ਆਏ ਇਹ ਮਾਮਲੇ ਕੌਮ ਦੇ ਮਾਮ
ਲੇ ਹਨ ਸਭ ਭਰਾਵਾਂ ਨੂੰ ਮਲੂਮ ਹੀ ਹੈ ਕਿ ਲਾ
ਲ ਸਿੰਘ ਤੇ ਈਡਰ ਸਿੰਘ ਨੇ ਸਾਡੇ ਪੁਰ ਇਕ
ਪਹਲਾਂ ਭੀ ਮੁਕਦਮਾ ਕੀਤਾ ਹੋਇਆ ਹੈ
ਸੰਸਾਰ ਦੀ ਸੇਵਾ ਵਿਚ ਦੁਖ ਨੂੰ ਹੀ ਸੁਖ
ਜਾਣਕੇ ਕੰਮ ਨਿਭ ਸਕਦਾ ਹੈ ਕਿਓਕਿ ਥੋੜੇ
ਸਰੀਰਾਂ ਦਾ ਸਾਰੇ ਕੰਮ ਨੂੰ ਚਲੌਣਾ ਕਿਸੇ ਉਚੇ
ਨਛਾਨੇ ਨੂੰ ਅਗੇ ਰਖੇ ਬਿਨਾਂ ਕਠਨ ਹੈ ਇਹ ਭਾਈ
ਕੰਮ ਤੋਂ ਗਫਲਤ ਕਰਦੇ ਸਨ ਤੇ ਹੋਰ ਖੇਲ
ਤੁਮਾਛਿਆਂ ਵਿਚ ਬਹੁਤ ਰੁਚੀ ਹੋਣ ਕਰਕੇ
ਇਨਾਂ ਨੂੰ ਇਸ ਵਿਚੋਂ ਹਟਨਾ ਪਿਆ। ਸਾਨੂੰ ਝ
ਗੜਿਆਂ ਲਈ ਵਿਹਲ ਕਿਥੋ ਹੈ ਇਸ ਤਰਾਂ
ਕਚਹਰੀਆਂ ਵਿਚ ਸਾਡੀ ਕੌਮ ਦੀ ਸਖਤ ਬਰ
ਬਾਦੀ ਹੈ। ਹਿੰਦ ਵਿਚ ਭੀ ਝਗੜਾਲੂਪੁਣੇ ਦਾ
ਦੋਛ ਸਾਡੀ ਕੌਮ ਦੇ ਮਥੇ ਪੁਰ ਕਾਲਾ ਟਿਕਾ
ਹੈ ਕੌਮ ਦੀ ਸੁਚੀ ਇਜਤ ਦੇ ਕਚਹਰੀਆਂ ਵਿ
ਚ ਰੁਲਣ ਦੀ ਸਾਨੂੰ ਡਾਹਡੀ ਪੀੜ ਹੈ।

ਸਾਡੇ ਪੁਰ ਇਹ ਦੂਜਾ ਮੁਕਦਮਾਂ ਹੈ ਅਸੀਂ ਸ
ਭ ਕਨੇਡਾ ਤੇ ਅਮਰੀਕਾ ਵਾਸੀ ਭਰਾਵਾਂ ਦੀ
ਸੇਵਾ ਵਿਚ ਬੇਨਤੀ ਕਰਦੇ ਹਾਂ ਕਿ ਜੇ ਇਨਾਂ
ਮੁਕਦਮਿਆਂ ਵਿਚ ਕੌਮ ਨੂੰ ਕੋਈ ਹਰਜ
ਪੁਜਾ ਤਾਂ ਅਸੀਂ ਉਸ ਦੋਛ ਤੋਂ ਬਰੀ ਹਾਂ। ਸਾ
ਨੂੰ ਕੰਮ ਵਿਚ ਅਖ ਪਟਨ ਦਾ ਵਿਹਲ ਨਹੀਂ ਹੈ
ਮੁਕਦਮੇ ਬਾਜੀ ਮਲੋ ਜੋਰੀ ਸਾਡੇ ਗਲ ਪਾ
ਈ ਜਾਂਦੀ ਹੈ ਜੋ ਅਯੋਗ ਹੈ ਤੇ ਜਿਸ ਨੂੰ ਅਸੀਂ
ਕਦੀਂ ਨਹੀਂ ਚਾਹੁੰਦੇ ਸਿਆਣੇ ਤੇ ਬੁਧਵਾਨ ਵੀ
ਰ ਇਸ ਪਾਸੇ ਗੌਹ ਕਰਕੇ ਅਪਣੀ ਕੌਮੀ ਇਜ
ਤ ਤੇ ਨੇੜਾ ਦੇਖ ਤਾੜ ਲਈ ਪੂਰਾ ਧਿਆਨ ਦੇਣ

# ਸੌਥ ਅਫਰੀਕਾ ਦਾ ਫੰਡ

ਆਪ ਸੌਥ ਅਫਰੀਕਾ ਦੇ ਭਰਾਵਾਂ ਦੇ
ਹਾਲ ਤੇ ਉਨਾਂ ਦੀ ਮਦਤ ਦੇ ਲਈ ਕੀਤੀ
ਗਈ ਅਪੀਲ ਨੂੰ ਅਗਲੇ ਸਫੇ ਪੁਰ ਪ
ੜੋਗੇ। ਸੰਸਾਰ ਨੇ ਜੋ ਕਨੇਡਾ ਨਵਾਸੀ ਭਰਾਵਾਂ
ਵਲੋਂ ਉਨਾਂ ਬਹਾਦਰ ਭਰਾਵਾਂ ਦੇ ਬਾਲ ਬ
ਚਿਆਂ ਦੀ ਮਦਤ ਲਈ ਇਕ ਰਕਮ ਕਠੀ
ਕਰਕੇ ਅਫਰੀਕਾ ਭੇਜਣ ਦਾ ਫੰਡ ਖੋਲਿਆ
ਹੈ ਉਸ ਵਿਚ ਆਪ ਭੀ ਅਪਣਾ ਧਰਮ ਸਮਝ
ਕੇ ਜੋ ਕੁਛ ਥੋੜਾ ਬਹੁਤ ਹੋ ਸਕੇ ਹਿਸਾ ਪਾਓ
ਹੇਠ ਲਿਖੀਆਂ ਰਕਮਾ ਇਸ ਫੰਡ ਵਿਚ ਜਮਾਂ
ਹੋ ਗਈਆਂ ਹਨ ਜੋ ਰਕਮਾਂ ਔਣਗੀਆਂ ਉਹ
ਅਖਬਾਰ ਵਿਚ ਇਸ ਫੰਡ ਵਿਚ ਛਪਣ ਗੀ
ਆਂ ਤੇ ਅਫਰੀਕਾ ਵਿਚ ਧਰਮ ਵੀਰ ਗਾਂਧੀ
ਦੇ ਅਸਥਾਨ ਪੁਰ ਪੁਚਾਈਆਂ ਜਾਣ ਗੀਆਂ

ਅਖਬਾਰ ਸੰਸਾਰ ਪੰਜ ਡਾਲਰ
ਭਾਈ ਸੋਹਣ ਸਿੰਘ ਸਿਰਹਾਲੀ ਪੰਜ ਡਾਲਰ
ਭਾਈ ਬਤਨ ਸਿੰਘ ਸਿਰਹਾਲਾ ਦੋ ਡਾਲਰ
ਭਾਈ ਇੰਦਰ ਸਿੰਘ ਸੁਰਸਿੰਘ ਦੋ ਡਾਲਰ

# ਅਮਰੀਕਾਦਾ ਨਵਾਂ ਕਾਨੂੰਨ

ਯੂਨਾਇਟਿਡ ਸਟੇਟਸ ਅਮਰੀਕਾ ਆ
ਜਾਦ ਦੇਸ ਹੈ ਅਕਲ ਇਲਮ ਹੁਨਰ ਪੈ
ਦਾ ਵਾਰ ਸਾਰੀਆਂ ਗਲਾਂ ਰਲਕੇ ਇਸ ਵ
ਡਿਆਈ ਨੂੰ ਸੌ ਗੁਣਾਂ ਵਧੌਂਦੀਆਂ ਹਨ ਅਨਜਾ
ਣ ਤੇ ਨਾਵਾਕਫ ਕੌਮਾਂ ਨੂੰ ਇਸ ਖੁਲੀ ਧਰਤੀ
ਨੇ ਇਲਮ ਹੁਨਰ ਸਖਾਕੇ ਚਾਤਰ ਤੇ ਸਿਆਣੇ
ਬਣਾਇਆ ਕਮਜੋਰਾਂ ਨੂੰ ਚੁਕਿਆ ਸਚ ਕਹੋ
ਤਾਂ ਅਮਰੀਕਾ ਦੀ ਕੌਮ ਦੀ ਵਡਿਆਈ ਹੀ
ਇਹ ਹੈ ਕਿ ਇਹ ਗਰੀਬਾਂ ਤੋਂ ਉਠਕੇ ਇਸ ਹਾ
ਲਤ ਵਿਚ ਪੁਜੀ ਹੈ ਕੁਲ ਦੁਨੀਆਂ ਦੀਆਂ
ਕੌਮਾਂ ਅਮਰੀਕਾ ਵਿਚ ਆ ਰਹੀਆਂ ਹਨ ਬੇ
ਅੰਤ ਅਮਰੀਕਾ ਵਾਸੀ ਹਿੰਦੁਸਤਾਨੀਆਂ ਨਾ
ਲ ਇਕ ਖਾਸ ਹਿਤ ਰਖਦੇ ਹਨ ਕਿਓਕਿ ਸੁ
ਆਮੀ ਰਾਮ ਵਰਗੇ ਭਾਰਤ ਦੇ ਸਪੁਤ੍ਰ ਰੋ ਰੋ
ਕੇ ਅਪਨੀ ਕੌਮ ਦੀ ਦੁਰਦਿਛਾ ਨੂੰ ਇਨਾਂ ਆ
ਜਾਦ ਅਮਰੀਕਾ ਵਾਸੀਆਂ ਦੇ ਹਿਰਦਿਆਂ
ਵਿਚ ਖੋਭ ਗਏ ਹਨ ਪਰ ਹਾਏ ਛੋਕ ਅਜ ਅ
ਮਰੀਕਾ ਦੀ ਸਰਕਾਰ ਭੀ ਹਿੰਦੀਆਂ ਨੂੰ ਟੇਢੀ
ਅਖ ਨਾਲ ਦੇਖਣ ਲਗ ਪਈ ਹੈ ਜਿਥੋ ਹਿੰਦੀ
ਆਂ ਨੂੰ ਦਰਦ ਦੀ ਪੂਰੀ ਆਸ ਸੀ ਉਥੋ ਭੀ ਜ
ਵਾਬ ਮਿਲਣ ਦੇ ਨੇੜੇ ਹੀ ਹੈ ਪਰ ਗਾਫਲ ਕੌ
ਮ ਸੁਤੀ ਪਈ ਹੈ ਤੇ ਅਨਜਾਣ ਹਿੰਦੀ ਬੇਖਬਰ
ਹਨ ਯੂਨਾਇਟਿਡ ਸਟੇਟਸ ਅਮਰੀਕਾ ਦੀ ਕਾਂ
ਗਰਸ ਵਿਚ ਇਹ ਬਿਲ ਪੇਛ ਹੈ ਕਿ ਹਿੰਦੁਸਤਾ
ਨੀਆਂ ਨੂੰ ਅਮਰੀਕਾ ਵਿਚੋ ਕਢਿਆ ਜਾਏ ਸੰ
ਸਾਰ ਇਸ ਖਬਰ ਨੂੰ ਸੁਣਕੇ ਤੜਫਦਾ ਹੈ ਇਸ
ਬਿਲ ਪੁਰ ਬਹਸ ਹੋ ਰਹੀ ਹੈ ਕਈ ਅਮਰੀਕਨ
ਸਾਡੇ ਹਕ ਵਿਚ ਭੀ ਝਗੜ ਰਹੇ ਹਨ ਪਰ ਛੋਕ
ਹੈ ਸਾਡੀ ਸਚੀ ਅਪੀਲ ਆਮ ਅਮਰੀਕਾ ਵਾ
ਸੀਆਂ ਦੇ ਕੰਨਾਂ ਤਕ ਨਹੀਂ ਪੁਜੀ ਭਾਵੇਂ ਅਸੀਂ
ਕਈ ਬਾਰ ਦੁਹਾਈ ਪਾਈ ਪਰ ਅਮਰੀ
ਕਾ ਵਾਸੀ ਹਿੰਦੀਆਂ ਨੇ ਭੀ ਖੋਲਕੇ ਅਖ ਨ
ਹੀਂ ਪਟੀ ਵਕਤ ਬਹੁਤ ਥੋੜਾ ਹੈ ਪਰ ਅਸੀਂ ਫੇ
ਰ ਭੀ ਅਪਣੇ ਅਮਰੀਕਾ ਵਾਸੀ ਵੀਰਾਂ ਤੇ ਅ
ਪਨੀ ਕੌਮ ਅਗੇ ਬੇਨਤੀ ਕਰਦੇ ਹਾਂ ਕਿ ਉਹ
ਇਸ ਵਕਤ ਖਬਰਦਾਰ ਹੋਵੇ ਤੇ ਸਦਾ ਲਈ
ਅਮਰੀਕਾ ਨਾਲੋਂ ਹਿੰਦੀਆਂ ਦੇ ਟੁਟਨ ਵਾਲੇ
ਤਅਲਕ ਨੂੰ ਕੈਮ ਰਖਨ ਲਈ ਢੁਕਨੀ ਹੋਕੇ
ਜਤਨ ਕਰੇ ਇਨਟਰਨੇਛਨਲ ਲਾ [ ਕੌਮਾਂ ਦੇ
ਕਾਨੂਨ ] ਦੇ ਮੁਜਬ ਅਸੀਂ ਕਿਸੇ ਸੂਰਤ ਯੂਨਾ
ਈਟਿਡ ਸਟੇਟਸ ਵਿਚੋ ਨਹੀਂ ਧਕੇ ਜਾ ਸਕਦੇ
ਪਰ ਜੇ ਅੰਗਰੇਜੀ ਗਵਰਨਮੈਂਟ ਨੇ ਅੰਗਰੇਜੀ
ਪਰਜਾ ਪੁਣੇ ਦੇ ਦਬਾ ਹੇਠ ਹੇ ਹਕਾਂ ਦੀ ਕੋਈ
ਪਰਵਾਹ ਨਾਂ ਕੀਤੀ ਤਾਂ ਇਨਟਰਨੇਛਨਲ ਕਾ
ਨੂਨ ਕੀ ਕਰ ਸਕਦੇ ਹਨ ਇਸ ਲਈ ਅੰਗਰੇ
ਜੀ ਗਵਰਨਮੈਂਟ ਨੂੰ ਇਸ ਵਕਤ ਅਪਣੇ ਫਰ
ਜ ਦੇ ਪੂਰਾ ਕਰਨ ਲਈ ਆਪ ਜੋਰ ਦਿਓ
ਅੰਗਰੇਜਾਂ ਦੇ ਏਲਚੀ ਦੇ ਪਾਸ ਜੋ ਅੰਗਰੇਜੀ
ਪਰਜਾ ਦਾ ਬਚਾਓ ਕਰਦਾ ਹੈ ਤੇ ਜਿਸ ਨੂੰ
BRITISH AMBASSADOR, WASHINGTON,
D. C. UNITED STATES AMERICA.
ਕਹੰਦੇ ਹਨ ਤਾਰਾਂ ਤੇ ਅਰਜੀਆਂ ਘਲੋ ਕਿ
ਹਿੰਦੁਸਤਾਨੀਆਂ ਦੀ ਰੋਕ ਲਈ ਇਸ ਕਾਨੂਨ
ਦੇ ਪਾਸ ਹੋਣ ਨੂੰ ਹਟੌਣ ਤੇ ਸਾਡੇ ਹਕਾਂ ਦਾ
ਬਚਾਓ ਕਰਨ ਅੰਗਰੇਜੀ ਗਵਰਨਮੈਂਟ ਦੀ
ਜੁਮੇਵਾਰੀ ਹੈ ਜੋ ਸਾਡੇ ਵਲੋਂ ਹੋਕੇ ਇਸ ਦੇ ਉ
ਲਟ ਝਗੜਾ ਕਰੇ


# ਕੈਨੇਡੀਅਨ ਬੈਂਕ ਔਫ ਕੌਮਰਸ

ਤਰ ਚੁਕਿਆ ਸਰਮਾਇਆ ਕੁਝ ਕਰੋੜ ਡਾ
ਲਰ।

# ਹਿੰਦੋਸਤਾਨੀ ਬ੍ਰਪਾਰ

ਅੰਮਰਤਸਰ, ਲਾਹੌਰ ਬੰਬਈ ਤੇ ਕਲਕਤੇ ਨੂੰ
ਹੁੰਡੀ ਤੇ ਤਾਰ ਨਾਲ ਬਹੁਤ ਹੀ ਥੋੜੇ ਖਰਚ ਪੁਰ
ਡਾਲਰ ਭੇਜਿਆ ਜਾਂਦਾ ਹੈ।
ਸੇਵਿੰਗ ਹਸਾਬ ਪਰ ੩ ਡਾਲਰ ਬਿਆਜ ਦਿ
ਦੇ ਹਾਂ।

ਵੈਨਕੋਵਰ ਵਿਚ ਇਹ ਛਾਖਾਂ ਹਨ।
ਗਰੇਨਵਲ ਤੇ ਹੇਸਟਿੰਗ ਸਟਰੀਟ॥ ਹੇਸਟਿੰਗ
ਤੇ ਕੈਂਬੀ ਸਟਰੀਟ॥ ਪੈਂਡਰ ਤੇ ਮੇਨ ਸਟਰੀਟ
ਛੇਵਾਂ ਐਵਨੀਊ ਤੇ ਗਰੈਨਵਲ ਸਟਰੀਟ ਫੋਰ
ਥ ਐਵਨੀਊ ਤੇ ਯੀਊ ਸਟਰੀਟ॥ ਏਟਥ ਐਵਨੀ
ਊ ਤੇ ਮੇਨ ਸਟਰੀਟ॥ ਫਸਟ ਐਵਨੀਊ ਤੇ ਕੁਮਰ
ਛਲ ਡਰਾਈਵ॥ ੧੯੦੧ ਪਾਵਲ ਸਟਰੀਟ।ਅ
ਠਤਾਲੀਵਾਂ ਐਵਨੀਊ ਤੇ ਫਰੇਜਰ ਐਵਨੀਊ
ਹੋਰ ਨਾਰਥ ਵੈਨਕੋਵਰ ਤੇ ਨੀਊਵੈਸਟਮਨਿਸ
ਰ ਵਿਚ ਭੀ ਸਾਡੇ ਬੈਂਕ ਹਨ॥

## ਅਫਰੀਕਾ ਵਿਚ ਕਹਰ

ਅਫਰੀਕਾ ਦੇ ਭਰਾਵਾਂ ਦੇ ਦੁਖੜੇ ਤੇ ਉਨਾਂ
ਪੁਰ ਬੀਤ ਰਹੇ ਜੁਲਮ ਸੁਣਕੇ ਕੁਲ ਦੁਨੀਆਂ
ਤ੍ਰਾਹਮਾਨ ੨ ਕਹ ਉਠੀ ਹੈ ਅਫਰੀਕਾ ਅੰਗਰੇ
ਜੀ ਬਸਤੀ ਹੈ ਉਥੇ ਦੀ ਸਰਕਾਰ ਹਤਿਆ
ਦੀ ਤਲਵਾਰ ਫੜੀ ਖੜੀ ਹੈ ਹਿੰਦੁਸਤਾਨੀ ਮ
ਰਦ ਇਸਤਰੀਆਂ ਤੇ ਬਚੇ ਦੁਖਾਂ ਵਿਚ ਕੋਹੇ
ਜਾਂਦੇ ਹਨ ਇੰਗਲੈਂਡ ਦੀ ਸਰਕਾਰ ਇਸ ਨੂੰ
ਦੇਖਕੇ ਅਖਾਂ ਮੀਟ ਦੀ ਹੈ ਤੇ ਹਿੰਦੁਸਤਾਨ ਦੀ
ਪਰਜਾ ਪਾਲਕ ਸਦੌਣ ਵਾਲੀ ਗਵਰਨਮਿੰਟ
ਅਪਣੇ ਆਪ ਨੂੰ ਕਮਜੋਰ ਦਸ ਰਹੀ ਹੈ ਇਸ
ਹਾਲਤ ਵਿਚ ਹਿੰਦੁਸਤਾਨੀਆਂ ਦਾ ਬਚਣਾ ਕ
ਠਨ ਜਾਪਦਾ ਹੈ ਜਾਲਮ ਜੁਲਮ ਤੋਂ ਹਟਣ
ਲਈ ਤਿਆਰ ਨਹੀਂ ਅੰਗਰੇਜੀ ਗਵਰਨਮਿੰਟ
ਉਸ ਨੂੰ ਜੋਰ ਨਾਲ ਹਟੌਣਾ ਚਾਹੁੰਦੀ ਨਹੀਂ ਤੇ
ਜੋ ਦੁਖੀ ਹਨ ਉਨਾਂ ਦੀ ਕੌਮ ਗੁਲਾਮ ਹੈ ਜਦ
ਉਨਾਂ ਵਿਚ ਕੋਈ ਤਾਕਤ ਨਹੀਂ ਤਾਂ ਉਨਾਂ ਦੀ
ਸਦੌਣ ਵਾਲੀ ਗਵਰਨਮਿੰਟ ਭੀ ਜੋ ਕੁਛ ਮਰ
ਜੀ ਹੈ ਕਹ ਸਕਦੀ ਹੈ ਕੁਛ ਦਿਨਾਂ ਤੋਂ ਅਫਰੀ
ਕਾ ਤੋਂ ਤਾਰ ਖਬਰਾਂ ਔਣੀਆਂ ਬੰਦ ਹਨ ਪਰ
ਅਖਬਾਰਾਂ ਵਿਚ ਜੋ ਪਤਾ ਆਇਆ ਹੈ ਉਹ
ਇਹ ਹੈ ਕਿ ਸਟਰਾਇਕ ਹੜਤਾਲ ਕਰਨ
ਵਾਲੇ ਹਜਾਰਾਂ ਹਿੰਦੀਆਂ ਨੂੰ ਕੋਲੇ ਦੀਆਂ ਖਾ
ਣਾਂ ਵਿਚ ਬੰਦ ਕੀਤਾ ਗਿਆ ਹੈ ਤੇ ਉਹ ਖਾ
ਣਾਂ ਉਨਾਂ ਦੇ ਜੇਲ ਖਾਨੇ ਹਨ ਖਾਣਾਂ ਦੇ ਮਾ
ਲਕਾਂ ਨੂੰ ਕਾਨੂਨੀ ਅਖਤਿਆਰ ਦਿਤੇ ਗਏ ਹ
ਨ ਤੇ ਹਿੰਦੀਆਂ ਨੂੰ ਉਨੀਂ ਜਗੀਂ ਕੰਮ ਪੁਰ ਲਾ
ਇਆ ਗਿਆ ਹੈ ਨਾਂਹ ਕਰਨ ਪੁਰ ਭਾਰਤ ਵ
ਰਛ ਦੇ ਦੁਲਾਰਿਆਂ ਨੂੰ ਹਾ ਲਿਖਦਿਆਂ ਜਿ
ਗਰ ਪਾਟਦਾ ਹੈ ਕੋਟੜੇ ਮਾਰ ੨ ਕੇ ਸੁਜਾਇ
ਆ ਗਿਆ ਹੈ ਇਕ ਖਬਰ ਹੈ ਕਿ ਕੋਟੜਿਆਂ
ਦੀ ਮਾਰ ਨਾਲ ਇਕ ਸਰੀਰ ਛਹੀਦ ਭੀ ਹੋ
ਗਿਆ ਹੈ ਰੇਲ ਪੁਰ ਕੰਮ ਕਰਨ ਵਾਲਿਆਂ
ਹਿੰਦੀਆਂ ਦੇ ਮਗਰ ਹਬਛੀਆਂ ਤੇ ਗੋਰਿਆਂ
ਦੀ ਖਾਸ ਪੁਲਸ ਪਾਈ ਗਈ ਤੇ ਉਨਾਂ ਨੂੰ ਇ
ਸ ਪੁਲਸ ਨੇ ਬਾਰਗਾਂ ਵਿਚੋ ਕਢਕੇ ਨੂਡ ਲਾ
ਏ ਤੇ ਜੁਮੀਨ ਪੁਰ ਘਸੀਟਿਆ ਹੈ ਦੋ ਸੌ ਨੂੰ ਕੈ
ਦ ਵਿਚ ਸੁਟਿਆ ਗਿਆ ਹੈ ਸ੍ਰੀ ਮਾਨ ਗਾਂਧੀ
ਮਿਸਟਰ ਪੋਲਕ ਮਿਸਟਰ ਕਲੈਨਬਚ ਆਗੂ
ਤੇ ਹੋਰ ਪ੍ਰਸਿਧ ਦਰਦੀ ਜੇਲ ਵਿਚ ਹਨ ਮਰਦ
ਇਸਤਰੀਆਂ ਜੇਲਾਂ ਵਿਚ ਹਨ ਹਜਾਰਾਂ ਹੀ ਬ
ਲੂਰ ਬਚੇ ਰੁਲ ਰਹੇ ਹਨ ਗਰਿਸਤੀਆਂ ਦੀ
ਆਂ ਡੋਰਾਂ ਟੁਟੀਆਂ ਪਈਆਂ ਹਨ ਮਰਦ ਮੈ
ਦਾਨਾ ਵਿਚ ਜੂਝ ਰਹੇ ਹਨ ਤੇ ਅਨਗਿਣਤ ਟ
ਬਰ ਜਿਨਾਂ ਪੁਰ ਭੁਖ ਪਿਆਸ ਦੇ ਦੁਖ ਤੋਂ
ਬਿਨਾਂ ਹੋਰ ਅਨੇਕ ਆਫਤਾਂ ਆਨ ਟੁਟੀਆਂ
ਹਨ ਧਰਮ ਨਾਲ ਰਲੇ ਹੁਏ ਕੁਰਬੁਲਾਟ ਵਿਚ
ਦੁਨੀਆਂ ਨੂੰ ਅਪਣੀ ਦਛਾ ਦਸ ਰਹੇ ਹਨ

## ਦੇਸ ਤੋਂ ਮਦਤ

ਦੇਸ ਦੀ ਖਬਰ ਹੈ ਕਿ ਲਾਖਾਂ ਪਤੀਆਂ
ਤੋਂ ਲਾਕੇ ਇਕ ਡੰਗ ਰੋਟੀ ਖਾਣ ਵਾਲੇ ਗਰੀ
ਬਾਂ ਨੇ ਭੀ ਅਪਨੀ ਤਾਕਤ ਅਨਸਾਰ ਅਪਣੀ
ਪੂੰਜੀ ਵਿਚੋ ਇਕ ਗਰਾਹੀ ਇਨਾਂ ਅਪਨੇ ਜਿੰਦ
ਜਾਨ ਦੁਖੀ ਇਸਤਰੀਆਂ ਤੇ ਬਚਿਆਂ ਲਈ
ਦਿਤੀ ਹੈ ਸਭ ਹਿੰਦੁਸਤਾਨੀ ਇਨਾਂ ਕੌਮੀ
ਜੋਧਿਆਂ ਦੀ ਮਦਤ ਲਈ ਪੈਸਾ ਦੇ ਰਹੇ ਹਨ
ਲਖਾਂ ਰੁਪਏ ਮਹੀਨੇ ਦਾ ਖਰਚ ਹੈ ਹਿੰਦੁਸਤਾ
ਨ ਦੇ ਕਈ ਸਕੂਲਾਂ ਦੇ ਵਿਦਯਾਰਥੀਆਂ ਨੇ
ਦੂਧ ਪੀਣੇ ਛਡ ਦਿਤੇ ਹਨ ਘਿਓ ਖਾਣੇ ਤਿ
ਆਗ ਦਿਤੇ ਹਨ ਕਪੜਿਆਂ ਦੇ ਖਰਚ ਘਟਾ
ਦਿਤੇ ਹਨ ਤੇ ਇਹ ਰਕਮ ਅਫਰੀਕਾ ਨੂੰ ਘ
ਲੀ ਜਾ ਰਹੀ ਹੈ

## ਲੂਕ ਹੈ

ਇਸ ਹਾਲਤ ਵਿਚ ਜਦ ਹਿੰਦ ਦੇ ਗਰੀ
ਬ ਤੋਂ ਗਰੀਬ ਬਚਿਆਂ ਤੇ ਵਿਦਯਾਰਥੀਆਂ
ਤਕ ਅਪਣੇ ਕਪੜੇ ਵੇਚਕੇ ਰੋਟੀਆਂ ਤਿਆਗ
ਕੇ ਇਨਾਂ ਅਫਰੀਕਾ ਨਵਾਸੀ ਦੁਖੀ ਭਰਾਵਾਂ
ਦੀ ਮਦਤ ਕਰ ਰਹੇ ਹਨ ਤਾਂ ਅਜੇ ਤਕ ਕਨੇਡਾ
ਦੇ ਭਰਾਵਾਂ ਵਲੋਂ ਇਨਾਂ ਦੀ ਮਦਤ ਲਈ ਕੋ
ਈ ਉਦਮ ਨਹੀਂ ਹੋਇਆ ਜਿਨਾਂ ਦੇ ਕਿ ਇਹ
ਦੁਖੀ ਵੀਰ ਸਾਥੀਹਨ ॥ ਹਿੰਦੁਸਤਾਨ ਦੇ ਅਖ
ਬਾਰਾਂ ਨੇ ਮਦਤ ਲਈ ਫੰਡ ਖੋਲ ਦਿਤੇ ਹਨ ਤੇ
ਉਨਾਂ ਦੇ ਗਾਹਕ ਇਸ ਫੰਡ ਵਿਚ ਮਦਤ ਘਲ
ਰਹੇਹਨ ॥ ਸੰਸਾਰ ਭੀ ਅਪਨੇ ਕ੍ਰਿਪਾਲੂ ਭ
ਰਾਵਾਂ ਤੇ ਸਹਾਇਕਾਂ ਦੇ ਮਾਣ ਪੁਰ ਅਫਰੀ
ਕਾ ਨਵਾਸੀ ਭਰਾਵਾਂ ਦੀ ਮਦਤ ਲਈ ਫੰਡ
ਖੋਲਦਾ ਹੈ ਤੇ ਸਿਰਫ ਪੰਜ ਸੌ ਡਾਲਰ ਲਈ
ਜੋ ਕਿ ਛੋਟੀ ਤੋਂ ਛੋਟੀ ਰਕਮ ਹੈ ਅਪੀਲ ਕਰ
ਦਾ ਹੈ ਸੋ ਸਭ ਭਰਾ ਅਖਬਾਰ ਦੇ ਪੁਜਦੇ ਸਾ
ਰ ਜੋ ਕੁਛ ਭੀ ਥੋੜਾ ਬਹੁਤ ਹੋਸਕੇ ਇਨਾਂ ਧਰ
ਮੀ ਭਰਾਵਾਂ ਦੀ ਮਦਤ ਲਈ ਅਪਨਾ ਫਰਜ
ਜਾਣ THE SANSAR 630 SPEED AVE
VICTORIA B C. ਦੇ ਪਤੇ ਪੁਰ ਘਲ
ਦਿਓ ਤਾਂ ਕਿ ਇਹ ਰਕਮ ਕਨੇਡਾ ਵਾਸੀ ਹਿੰ
ਦੀਆਂ ਵਲੋਂ ਧਰਮ ਵੀਰ ਗਾਂਧੀ ਨੂੰ ਭੇਜੀ ਜਾ
ਵੇ। ਪਿਛੇ ਦੀ ਖਬਰ ਹੈ ਕਿ ਦਖਣੀ ਅਫਰੀ
ਕਾ ਦੀ ਸਰਕਾਰ ਨੇ ਇਕ ਕੁਮੇਟੀ ਮੁਕਰਰ
ਕੀਤੀ ਹੈ ਜੋ ਉਥੇ ਦੇ ਹਿੰਦੀਆਂ ਦੇ ਦੁਖ ਤਕਲੀ
ਫਾਂ ਦਾ ਪਤਾ ਲਵੇ ਪਰ ਹਾਏ ! ਭਾਰਤ ਦਾ
ਕੋਈ ਭੀ ਸਪੁਤ੍ਰ ਇਸ ਕਮੇਟੀ ਦਾ ਮੈਂਬਰ ਨਹੀਂ
ਕਿਨਾਂ ਕੁ ਚਿਰ ਹੋਰ ਹਿੰਦੀਆਂ ਦੀਆਂ ਅਖਾਂ
ਵਿਚ ਅਜੇ ਘਟਾ ਪਾਉਣਾ ਰਹਿੰਦਾ ਹੈ।

## ਛੇਰ ਪੰਜਾਬ ਦੀ ਪੋਤੀ

ਸਾਡੀ ਕੌਮ ਵਿਚ ਰਾਜਭਾਗ ਦੀ ਤਾਕਤ
ਲਿਔਣ ਵਾਲੇ ਖਾਲਸਾ ਰਾਜ ਦੇ ਬਾਨੀ ਛੇਰ
ਪੰਜਾਬ ਮਹਾਰਾਜਾ ਰੰਜੀਤ ਸਿੰਘ ਦੀ ਪੋਤੀ
ਉਮਰ ਕੈਦ ਰਹੇ ਮਰ ਮਿਟੇ ਸਾਡੇ ਮਹਾਰਾਜਾ
ਦਲੀਪ ਸਿੰਘ ਜੀ ਦੀ ਧੀ ਪ੍ਰਿਨਸਿਸ ਸੋਫੀਆ
ਦਲੀਪ ਸਿੰਘ ਨੇ ੩੦ ਦਸੰਬਰ ਨੂੰ ਲੰਡਨ ਵਿ
ਚ ਟੈਕਸ ਜਾਂ ਹਾਲਾ ਭਰਨ ਤੋਂ ਨਾਂਹ ਕਰ ਦਿ
ਤੀ ਹੈ। ਇਹ ਬੀਬੀ ਭੀ ਵੋਟ ਦਾ ਹਕ ਮੰਗਣ ਵਾ
ਲੀਆਂ ਔਰਤਾਂ ਦੀ ਸਾਥਣ ਹੈ ਤੇ ਹਾਲਾ ਨਾਂ
ਤਾਰਨ ਵਾਲੀਆਂ ਤੀਵੀਂਆਂ ਦੇ ਜਥੇ ਦੀ ਮੈਂ
ਬਰ ਹੈ। ਕਚਹਰੀ ਵਿਚ ਮਹਾਰਾਜਾ ਦਲੀਪ
ਸਿੰਘ ਦੀ ਪੁਤ੍ਰੀ ਨੇ ਗਜਕੇ ਕਿਹਾ ਕਿ ਜਦ ਸ
ਰਕਾਰ ਮੈਂਨੂੰ ਸਿਟੀਜਨ ਮਨੇਗੀ ( ਅਰਥਾਤ
ਵੋਟ ਦੇਣ ਦਾ ਹਕ ਦੇਵੇਗੀ ) ਤਾਂ ਮੈਂ ਉਨਾਂ ਖ
ਰਚਾਂ ਦਾ ਹਿਸਾ ਭੀ ਦਿਆਂਗੀ ਜਿਸ ਨਾਲ
ਰਾਜ ਦਾ ਕੰਮ ਚਲਦਾ ਹੈ ਪਰ ਜੇ ਵੋਟ ਦੀ
ਵਾਰੀ ਮੈਂਨੂੰ ਕੁਛ ਨਹੀਂ ਸਮਝਿਆ ਜਾਂਦਾ ਤਾਂ
ਹਾਲਾ ਭਰਨ ਦੀ ਵਾਰੀ ਭੀ ਮੈਂ ਉਹ ਹੀ ਕੁ
ਛ ਹਾਂ। ਭਾਵੇਂ ਮਹਾਰਾਜਾ ਦਲੀਪ ਸਿੰਘ ਇ
ਆਣੀ ਉਮਰ ਤੋਂ ਹੀ ਇੰਗਲੈਂਡ ਵਿਚ ਰਹਣ
ਕਰਕੇ ਤੇ ਮਾੜੇ ਭਾਗਾਂ ਨੂੰ ਗਲ ਪਈ ਕੁਸੰ
ਗਤ ਕਰਕੇ ਈਸਾਈ ਹੋ ਗਿਆ ਸੀ ਪਰ ਖਾ
ਲਸਾ ਜੀ ਦਾ ਲਹੂ ਤਾਂ ਮਹਾਰਾਜਾ ਰੰਜੀਤ
ਸਿੰਘ ਦੇ ਬਲੂਰ ਪੁਤ੍ਰ ਦੀ ਧੀ ਵਿਚ ਕਾਇਮ ਹੈ
ਭਮਾਂ ਜਾਇਦਾਤ ਜਬਤੀ ਜਾਏ ਪਰ ਹਕ ਲੈ
ਣ ਲਈ ਸਿਦਕ ਨਾਲ ਖਲੋਈ ਹੈ।

ਕਿਥੇ ਕਨੇਡਾ ਨਵਾਸੀ ਖਾਲਸਾ ਜੀ ਹਨ
ਜਿਹੜੇ ਗਵਰਨਮਿੰਟ ਨੂੰ ਹਜਾਰਾਂ ਡਾਲੇ ਟੈਕਸ
ਭਰਦੇ ਹਨ ਪਰ ਇਹ ਪੁਛਣ ਲਈ ਕਿ ਉਹ ਕਿ
ਥੇ ਖਰਚ ਹੁੰਦਾ ਹੈ ਇਨਾਂ ਤੇ ਕੁਛ ਨਹੀਂ ਸਰਦਾ
ਇਹੋ ਜਿਹੇ ਸਚੇ ਮਣਸੂਬੇ ਧਾਰਨੇ ਸਚ ਮੁਚ ਡਾ
ਢੇ ਔਖੇ ਹਨ ਤੇ ਫੇਰ ਇੰਡੀਆ ਦੇ ਗੁਲਾਮਾਂ ਤੇ
ਆਰਾਮ ਵਿਚ ਪਿਆਂ ਲਈ ਤਾਂ ਬਿਅੰਤ ਕਠ
ਣ ਜਾਪਦੇ ਹਨ।
ਖਾਲਸਾ ਜੀ ! ਹੁਣ ਤਾਂ ਤੁਹਾਡੀ ਪ੍ਰਦੇਸਣ ਪੁ
ਤ੍ਰੀ ਛਰਮ ਦਿੰਦੀ ਹੈ ਹੁਣ ਤਾਂ ਕਨੇਡਾ ਵਿਚ
ਵੋਟ ਦਾ ਹਕ ਲੈਣ ਲਈ ਕੁਛ ਉਦਮ ਕਰੋ ॥

## ਕੈਨੇਡਾ ਵਿਚ ਰੇਲ

ਗਰਾਂਡ ਟਰੰਕ ਰੇਲਵੇ ਤੇ ਕਨੇਡੀਅਨ
ਨਾਰਦਰਨ ਰੇਲਵੇ ਦੁਹਾਂ ਕੰਪਨੀਆਂ ਦੀਆਂ
ਰੇਲਾਂ ਇਸ ਸੂਬੇ ਤਾਈਂ ਪੂਰੀਆਂ ਹੋਣ ਵਿਚ
ਬਹੁਤ ਹੀ ਥੋੜੀ ਦੇਰ ਹੈ ਗਰਾਂਡ ਟਰੰਕ ਰੇਲ
ਦਬਾ ਦਬਾ ਪਰਿੰਸ ਰੂਪਰਟ ਵਲ ਨੂੰ ਬਣ ਰ
ਹੀ ਹੈ ਤੇ ਅਪਰੈਲ ਮਹੀਨੇ ਵਿਚ ਮੁਕ ਜਾਏ
ਗੀ ਤੇ ਨੁਵੰਬਰ ਵਿਚ ਸਵਾਰੀ ਦੀਆਂ ਗਡੀ
ਆਂ ਵਿਨੀਪੈਗ ਤੇ ਈਸਟ ਤਕ ਤੁਰ ਪੈਣਗੀ
ਆਂ ਕਨੇਡੀਅਨ ਨਾਰਦਰਨ ਭੀ ਇਸ ਸਾਲ
ਇਕ ਸਿਰੇ ਤੋਂ ਲੈਕੇ ਦੂਸਰੇ ਤਕ ਨਿਕਲੇਗੀ
ਇਨਾਂ ਲਾਇਨਾਂ ਦੇ ਬਨਣ ਨਾਲ ਬਹੁਤ ਸਾ
ਰਾ ਜੰਗਲ ਦੇਸ ਖੁਲੇਗਾ ਤੇ ਸੀ ਪੀ ਆਰ
ਸਣੇ ਤਿਨ ਬੜੀਆਂ ਕਪਨੀਆਂ ਦੀਆਂ ਰੇਲਾਂ
ਕਨੇਡਾ ਦੇ ਇਕ ਸਿਰੇ ਤੋਂ ਦੂਜੇ ਤਕ ਹਜਾਰਾਂ
ਮੀਲਾਂ ਵਿਚ ਦੌੜ ਨਗੀਆਂ

## ਸੰਸਾਰ ਦਾ ਚੰਦਾ ਢਾਈ ਡਾਲਰ ਸਾਲ ਦਾ ਹੈ

ਜੋ ਪਾਠਕ ਸ਼ਬਦੇ ਭੇਜ ਦੇਣ ਇਹ ਅਖਬਾਰ
ਪੜਕੇ ਕਿਸੇ ਹੋਰ ਭਰਾ ਨੂੰ ਦੇਦਿਓ ਜਾਂ ਹਿੰਦੁ
ਸਤਾਨ ਅਪਣੇ ਪਿੰਡ ਨੂੰ ਭੇਜੋ। ਨਮੂਨੇ ਦੇ ਅਖ
ਬਾਰ ਲਈ 630 SPEED AVENUE,
VICTORIA, B. C, ਨੂੰ ਲਿਖੋ